UPDATED MARCH 2004

# ਮੁਖਤਾਰਨਾਮਾ

"Power of Attorney" in Punjabi




ਇਸ ਕਿਤਾਬ ਵਿਚ ਦੱਸਿਆ ਗਿਆ ਹੈ ਕਿ ਮੁਖਤਾਰਨਾਮਾ ਤੁਹਾਡੇ ਵਰਤਮਾਨ ਅਤੇ ਭਵਿੱਖ ਦੇ ਮਾਇਕ ਮਾਮਲਿਆਂ ਬਾਰੇ ਤੁਹਾਡੀ ਕਿਵੇਂ ਮਦਦ ਕਰ ਸਕਦਾ ਹੈ। ਇਸ ਵਿਚ ਕੁੱਝ ਆਮ ਉਦਾਹਰਨਾਂ ਦਿੱਤੀਆਂ ਗਈਆਂ ਹਨ।ਇਹ ਜਾਣਨ ਲਈ ਕਿ ਤੁਹਾਨੂੰ ਹੋਰ ਮਦਦ ਕਿੱਥੋਂ ਮਿਲ ਸਕਦੀ ਹੈ, ਸਫਾ 10 ਦੇਖੋ।

ਇਥੇ ਸਿਰਫ ਆਮ ਜਾਣਕਾਰੀ ਦਿੱਤੀ ਗਈ ਹੈ। ਕਾਨੂੰਨੀ ਸਲਾਹ-ਮਸ਼ਵਰੇ ਲਈ ਇਸ ਜਾਣਕਾਰੀ ਉੱਤੇ ਨਿਰਭਰ ਨਾ ਕਰੋ। ਜੇ ਤੁਹਾਡੀ ਕੋਈ ਖਾਸ ਕਾਨੂੰਨੀ ਮੁਸ਼ਕਿਲ ਹੈ ਤਾਂ ਕਾਨੂੰਨੀ ਸਹਾਇਤਾ ਲਵੋ।

the people's law school

Suite 150
900 Howe Street
Vancouver, B.C.
V6Z 2M4
TEL 604.331.5400
FAX 604.331.5401

FREE

## ਮੁਖਤਾਰਨਾਮਾ ਕੀ ਹੁੰਦਾ ਹੈ?

(What is Power of Attorney?)

ਮੁਖਤਾਰਨਾਮਾ ਇਕ ਕਾਨੂੰਨੀ ਲਿਖਤ ਹੁੰਦਾ ਹੈ। ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਮੁਖਤਾਰਨਾਮਾ ਦਿੰਦੇ ਹੋ ਤਾਂ ਤੁਸੀਂ ਉਸ ਵਿਅਕਤੀ ਨੂੰ ਤੁਹਾਡੇ ਮਾਇਕ ਅਤੇ ਕਾਨੂੰਨੀ ਮਾਮਲਿਆਂ ਨਾਲ ਨਿਪਟਣ ਦਾ ਕਾਨੂੰਨੀ ਅਧਿਕਾਰ ਦਿੰਦੇ ਹੋ। ਇਸ ਅਧਿਕਾਰ ਵਿਚ ਬਿੱਲ ਦੇਣੇ, ਤੁਹਾਡੇ ਬੈਂਕ ਖਾਤੇ ਵਿਚੋਂ ਪੈਸੇ ਕਢਵਾਉਣ ਜਾਂ ਜਮ੍ਹਾਂ ਕਰਾਉਣ, ਤੁਹਾਡੇ ਪੈਸਿਆਂ ਦਾ ਨਿਵੇਸ਼ ਕਰਨ (ਪੈਸੇ ਇਨਵੈਸਟ ਕਰਨ)ਜਾਂ ਤੁਹਾਡਾ ਘਰ ਵੇਚਣ ਵਰਗੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ।

ਜਿਸ ਵਿਅਕਤੀ ਨੂੰ ਤੁਸੀਂ ਇਹ ਅਧਿਕਾਰ ਦਿੰਦੇ ਹੋ, ਉਸ ਨੂੰ ਅਟਾਰਨੀ (ਮੁਖਤਾਰ) ਕਿਹਾ ਜਾਂਦਾ ਹੈ (ਇਥੇ ਅਟਾਰਨੀ ਦਾ ਮਤਲਬ ਵਕੀਲ ਨਹੀਂ ਹੈ) । ਤੁਹਾਨੂੰ ਡੋਨਰ (ਅਧਿਕਾਰ ਦੇਣ ਵਾਲਾ ) ਕਿਹਾ ਜਾਂਦਾ ਹੈ।

ਮੁਖਤਾਰਨਾਮਾ ਮੁਖਤਾਰ (ਅਟਾਰਨੀ) ਨੂੰ ਤੁਹਾਡੀ ਸਿਹਤ ਬਾਰੇ ਫੈਸਲਾ ਕਰਨ ਦਾ ਅਧਿਕਾਰ ਨਹੀਂ ਦਿੰਦਾ।ਇਸ ਅਧੀਨ ਸਿਰਫ ਮਾਇਕ ਅਤੇ ਕਾਨੂੰਨੀ ਮਾਮਲੇ ਹੀ ਆਉਂਦੇ ਹਨ।

## ਮੁਖਤਾਰਨਾਮਿਆਂ ਦੀ ਵਰਤੋਂ ਕੀ ਕਰਨ ਲਈ ਕੀਤੀ ਜਾਂਦੀ ਹੈ?

(What powers of attorney are used for)

ਲੋਕ ਕਈ ਕਾਰਨਾਂ ਕਰਕੇ ਮੁਖਤਾਰਨਾਮੇ ਬਣਾਉਂਦੇ ਹਨ। ਇਕ ਕਾਰਨ ਇਹ ਹੈ ਕਿ ਉਹ ਸਫਰ ਉੱਤੇ ਹੋਣ ਕਾਰਨ ਜਾਂ ਸੱਟ ਲੱਗਣ ਕਾਰਨ ਆਪਣੇ ਮਾਮਲਿਆਂ ਦਾ ਨਿਪਟਾਰਾ ਖੁਦ ਨਹੀਂ ਕਰ ਸਕਦੇ।

> ਉਦਾਹਰਨ: ਬੰਸੋ ਆਪਣੇ ਪੋਤੇ ਪੋਤੀਆਂ ਨੂੰ ਮਿਲਣ ਜਾਣ ਕਾਰਨ ਦੇਸ਼ ਤੋਂ ਬਾਹਰ ਜਾ ਰਹੀ ਹੈ। ਹੋ ਸਕਦਾ ਹੈ, ਉਹ ਲੰਮਾ ਸਮਾਂ ਬਾਹਰ ਰਹੇ। ਉਹ ਆਪਣੀ ਗੈਰ-ਹਾਜ਼ਰੀ ਵਿਚ ਬਿੱਲ ਅਦਾ ਕਰਨ ਦਾ ਅਧਿਕਾਰ ਆਪਣੀ ਭਾਣਜੀ ਨੂੰ ਦੇਣਾ ਚਾਹੁੰਦੀ ਹੈ। ਇਸ ਲਈ ਬੰਸੋ ਮੁਖਤਾਰਨਾਮਾ ਬਣਾਉਂਦੀ ਹੈ।

ਲੋਕਾਂ ਵਲੋਂ ਮੁਖਤਾਰਨਾਮਾ ਬਣਾਉਣ ਦਾ ਇਕ ਹੋਰ ਕਾਰਨ ਇਹ ਹੈ ਕਿ ਹੋ ਸਕਦਾ ਹੈ ਉਹ ਬੀਮਾਰੀ ਜਾ ਦੁਰਘਟਨਾ (ਐਕਸੀਡੈਂਟ) ਕਾਰਨ "ਦਿਮਾਗੀ ਤੌਰ ਉੱਤੇ ਅਯੋਗ" ਹੋ ਜਾਣ। ਸਫਾ 6 ਤੇ ਦਿੱਤਾ ਨਮੂਨਾ ਦੇਖੋ।

ਭਵਿੱਖ ਦੀ ਯੋਜਨਾ ਬਣਾਉਣ ਲਈ ਅਤੇ ਆਪਣੇ ਮਾਇਕ ਮਾਮਲਿਆਂ ਵਿਚ ਮਦਦ ਕਰਨ ਵਾਲੇ ਵਿਅਕਤੀ ਦੀ ਚੋਣ ਕਰਨ ਲਈ ਮੁਖਤਾਰਨਾਮਾ ਇਕ ਸਰਲ ਅਤੇ ਸਸਤਾ ਢੰਗ ਹੈ। ਜੇ ਤੁਸੀਂ "ਦਿਮਾਗੀ ਤੌਰ ਉੱਤੇ ਅਯੋਗ" ਹੋ ਜਾਂਦੇ ਹੋ ਅਤੇ ਤੁਸੀਂ ਮੁਖਤਾਰਨਾਮਾ ਨਹੀਂ ਬਣਾਇਆ, ਤਾਂ ਹੋ ਸਕਦਾ ਹੈ ਕਿ ਤੁਹਾਡੇ ਮਾਇਕ ਮਾਮਲਿਆਂ ਨਾਲ ਨਿਪਟਣ ਦਾ ਅਧਿਕਾਰ ਹਾਸਲ ਕਰਨ ਲਈ ਤੁਹਾਡੇ ਪਰਿਵਾਰ ਨੂੰ ਅਦਾਲਤ ਵਿਚ ਜਾਣਾ ਪਵੇ।

> ਉਦਾਹਰਨ: ਕੁਲਵੰਤ ਦਾ ਕੰਮ ਉੱਤੇ ਐਕਸੀਡੈਂਟ ਹੋ ਗਿਆ ਹੈ। ਹੁਣ ਉਹ ਹਸਪਤਾਲ ਵਿਚ ਬੇਹੋਸ਼(ਕੋਮੇ ਵਿਚ) ਪਿਆ ਹੈ। ਕੁਲਵੰਤ ਅਤੇ ਉਸਦੀ ਘਰਵਾਲੀ ਰਾਜਵਿੰਦਰ ਦਾ ਬੈਂਕ ਵਿਚ ਸਾਂਝਾ ਖਾਤਾ ਸੀ, ਇਸ ਲਈ ਰਾਜਵਿੰਦਰ ਬਿੱਲ ਵਗੈਰਾ ਅਦਾ ਕਰ ਸਕਦੀ ਹੈ। ਪਰ ਉਹਨਾਂ ਦੀ ਕਾਰ ਕੁਲਵੰਤ ਦੇ ਨਾਂ ਹੈ ਅਤੇ ਹੁਣ ਉਸਦੀ ਇੰਸ਼ੋਰੈਂਸ ਨਵੀਂ ਕਰਵਾਉਣ ਵਾਲੀ ਹੈ। ਕੁਲਵੰਤ ਦਸਖਤ ਨਹੀਂ ਕਰ ਸਕਦਾ। ਰਾਜਵਿੰਦਰ ਸੋਚਦੀ ਹੈ ਕਿ ਕਾਸ਼ ਕੁਲਵੰਤ ਨੇ ਕਾਇਮ ਰਹਿਣ ਵਾਲਾ ਮੁਖਤਾਰਨਾਮਾ (ਇੰਡੁਅਰਿੰਗ ਪਾਵਰ ਆਫ ਅਟਾਰਨੀ) ਬਣਾਇਆ ਹੁੰਦਾ, ਜਿਸ ਦੀ ਵਰਤੋਂ ਕਰਕੇ ਰਾਜਵਿੰਦਰ ਕਾਰ ਦੀ ਇੰਸ਼ੋਰੈਂਸ ਕਰਵਾ ਲੈਂਦੀ।

ਇਸ ਕੇਸ ਵਿਚ ਕੁਲਵੰਤ ਨੂੰ ਅਦਾਲਤ ਵਿਚ ਜਾ ਕੇ "ਕਮੇਟੀਸ਼ਿੱਪ" ਲੈਣੀ ਪਵੇਗੀ। (ਇਥੇ ਕਮੇਟੀਸ਼ਿੱਪ ਦਾ ਭਾਵ ਕੁਲਵੰਤ ਦੇ ਮਾਮਲਿਆਂ ਨੂੰ ਨਜਿੱਠਣ ਲਈ ਕਾਨੂੰਨੀ ਅਧਿਕਾਰ ਤੋਂ ਹੈ।) ਅਦਾਲਤ ਵਿਚ ਜਾਣਾ ਮਹਿੰਗਾ ਹੈ ਅਤੇ ਆਮ ਤੌਰ ਉੱਤੇ ਇਸ ਲਈ ਕਈ ਮਹੀਨੇ ਲੱਗ ਜਾਂਦੇ ਹਨ।ਇਸਦੇ ਨਾਲ ਹੀ ਅਦਾਲਤ ਇਹ ਵੀ ਫੈਸਲਾ ਕਰ ਸਕਦੀ ਹੈ ਕਿ ਰਾਜਵਿੰਦਰ ਨੂੰ ਕੁਲਵੰਤ ਦੇ ਮਾਮਲੇ ਨਜਿੱਠਣ ਦਾ ਅਧਿਕਾਰ ਨਹੀਂ ਦੇਣਾ (ਭਾਵ ਰਾਜਵਿੰਦਰ ਨੂੰ ਕੁਲਵੰਤ ਦੀ "ਕਮੇਟੀ" ਨਹੀਂ ਬਣਾਉਣਾ) ਜਾਂ ਅਦਾਲਤ ਰਾਜਵਿੰਦਰ ਨੂੰ ਉਹ ਸਾਰੇ ਅਧਿਕਾਰ ਨਾ ਦੇਵੇ ਜਿਹਨਾਂ ਦੀ ਉਸਨੇ ਮੰਗ ਕੀਤੀ ਹੋਵੇ।

ਇਸ ਲਈ ਬਹੁਤੇ ਲੋਕ ਕਿਸੇ ਕਾਰਨ "ਦਿਮਾਗੀ ਤੌਰ ਉੱਤੇ ਅਯੋਗ ਹੋ ਜਾਣ" ਦੀ ਹਾਲਤ ਨਾਲ ਨਜਿੱਠਣ ਲਈ ਭਵਿੱਖ ਦੀ ਯੋਜਨਾ ਬਣਾਉਂਦੇ ਸਮੇਂ ਕਾਇਮ ਰਹਿਣ ਵਾਲਾ ਮੁਖਤਾਰਨਾਮਾ (ਇੰਡੁਅਰਿੰਗ ਪਾਵਰ ਆਫ ਅਟਾਰਨੀ) ਬਣਾਉਂਦੇ ਹਨ।

> ਉਦਾਹਰਨ: ਹੀਰਾ-ਦਈ ਦੇ ਡਾਕਟਰ ਨੇ ਦੱਸਿਆ ਹੈ ਕਿ ਹੀਰਾ-ਦਈ ਨੂੰ ਅਲਜ਼ਾਇਮਰ ਦੀ ਬੀਮਾਰੀ ਹੈ ਅਤੇ ਹੌਲੀ ਹੌਲੀ ਉਸਦੀਆਂ ਦਿਮਾਗੀ ਯੋਗਤਾਵਾਂ ਖਤਮ ਹੋ ਜਾਣਗੀਆਂ। ਹੀਰਾ-ਦਈ ਕਾਇਮ ਰਹਿਣ ਵਾਲਾ ਮੁਖਤਾਰਨਾਮਾ (ਇੰਡੁਅਰਿੰਗ ਪਾਵਰ ਆਫ ਅਟਾਰਨੀ) ਬਣਾ ਕੇ ਆਪਣੇ ਪੁੱਤਰ ਪ੍ਰੇਮ ਪ੍ਰਕਾਸ਼ ਨੂੰ ਮੁਖਤਾਰ ਥਾਪ ਦਿੰਦੀ ਹੈ। ਜਦੋਂ ਉਹ ਆਪਣੇ ਕੰਮ ਆਪ ਨਾ ਕਰ ਸਕਦੀ ਹੋਈ ਤਾਂ ਪ੍ਰੇਮ ਪ੍ਰਕਾਸ਼ ਉਸਦੇ ਪੈਸਿਆਂ ਦੀ ਦੇਖ ਭਾਲ ਕਰ ਸਕੇਗਾ। ਕਾਇਮ ਰਹਿਣ ਵਾਲੇ ਮੁਖਤਾਰਨਾਮੇ (ਇੰਡੁਅਰਿੰਗ ਪਾਵਰ ਆਫ ਅਟਾਰਨੀ) ਬਾਰੇ ਦਿੱਤੀ ਜਾਣਕਾਰੀ ਸਫਾ 4 ਤੇ ਦੇਖੋ।

## ਸਿਹਤ-ਸੰਭਾਲ ਦੇ ਫੈਸਲਿਆਂ ਬਾਰੇ ਪਹਿਲਾਂ ਹੀ ਯੋਜਨਾ ਬਣਾਉਣਾ

**(Preplanning for Health Care Decisions)**

ਇਸ ਬਾਰੇ ਕਾਨੂੰਨ ਵਿਚ ਦਰਜ ਹੈ ਕਿ ਜਦੋਂ ਤੁਸੀਂ ਆਪਣੇ ਫੈਸਲੇ ਆਪ ਨਾ ਕਰ ਸਕਦੇ ਹੋਏ ਤਾਂ ਤੁਹਾਡੀ ਸਿਹਤ-ਸੰਭਾਲ ਅਤੇ ਇਲਾਜ ਬਾਰੇ ਕੌਣ ਫੈਸਲੇ ਕਰੇਗਾ। ਆਮ ਤੌਰ ਉੱਤੇ, ਇਹ ਵਿਅਕਤੀ ਤੁਹਾਡਾ ਨੇੜੇ ਦਾ ਰਿਸ਼ਤੇਦਾਰ ਜਿਵੇਂ ਕਿ ਤੁਹਾਡਾ ਵਿਆਹੁਤਾ ਸਾਥੀ ਜਾਂ ਤੁਹਾਡੀ ਔਲਾਦ ਹੁੰਦੀ ਹੈ। ਕਾਨੂੰਨ ਤੁਹਾਨੂੰ ਨੁਮਾਇੰਦਗੀ ਦਾ ਇਕਰਾਰਨਾਮਾ (ਰੀਪ੍ਰੈਜ਼ੈਂਟੇਸ਼ਨ ਐਗਰੀਮੈਂਟ) ਬਣਾਉਣ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿਚ ਤੁਸੀਂ ਕਿਸੇ ਹੋਰ, ਜਿਵੇਂ ਆਪਣੇ ਦੋਸਤ, ਨੂੰ ਵੀ ਆਪਣੀ ਸਿਹਤ ਸੰਭਾਲ ਅਤੇ ਇਲਾਜ ਬਾਰੇ ਫੈਸਲੇ ਕਰਨ ਲਈ ਥਾਪ ਸਕਦੇ ਹੋ।

ਆਪਣੀਆਂ ਹਾਲਤਾਂ ਮੁਤਾਬਕ ਉਚਿਤ ਕਾਨੂੰਨੀ ਹੱਲ ਲੱਭਣ ਲਈ, ਤੁਹਾਨੂੰ ਕਿਸੇ ਵਕੀਲ ਜਾਂ ਨੌਟਰੀ ਪਬਲਿਕ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

# ਮੁਖਤਾਰ ਨਿਯੁਕਤ ਕਰਨਾ

(Naming an attorney)

ਤੁਸੀਂ ਕਿਸੇ ਨੂੰ ਵੀ ਆਪਣੇ ਮੁਖਤਾਰ ਦੇ ਤੌਰ ਉੱਤੇ ਨਿਯੁਕਤ ਕਰ ਸਕਦੇ ਹੋ, ਬੱਸ ਉਹ ਵਿਅਕਤੀ 19 ਸਾਲ ਦਾ ਜਾਂ ਇਸਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ ਅਤੇ ਮੁਖਤਾਰ ਬਣਨ ਦੀਆਂ ਜ਼ਿੰਮੇਵਾਰੀਆਂ ਸਮਝਦਾ ਹੋਣਾ ਚਾਹੀਦਾ ਹੈ। ਬਹੁਤੇ ਲੋਕ ਆਪਣੇ ਪਤੀ, ਪਤਨੀ, ਦੋਸਤ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਆਪਣਾ ਮੁਖਤਾਰ ਨਿਯੁਕਤ ਕਰਦੇ ਹਨ।

ਤੁਸੀਂ ਇਕ ਵਿਅਕਤੀ ਤੋਂ ਜ਼ਿਆਦਾ ਵਿਅਕਤੀਆਂ ਨੂੰ ਵੀ ਨਿਯੁਕਤ ਕਰ ਸਕਦੇ ਹੋ। ਜੇ ਤੁਸੀਂ ਅਜਿਹਾ ਕਰੋ ਤਾਂ ਤੁਹਾਨੂੰ ਲਿਖਤ ਵਿਚ ਜ਼ਰੂਰ ਲਿਖਣਾ ਪਵੇਗਾ ਕਿ ਕੀ ਉਹਨਾਂ ਨੂੰ ਇਕੱਠਿਆਂ ਫੈਸਲਾ ਲੈਣਾ ਪਏਗਾ ਜਾਂ ਕੀ ਉਹ ਇਕੱਲੇ ਇਕੱਲੇ ਫੈਸਲਾ ਲੈ ਸਕਦੇ ਹਨ। (ਉਦਾਹਰਨ ਲਈ, ਕੀ ਕਿਸੇ ਕਾਗਜ਼ ਪੱਤਰ ਉੱਤੇ, ਉਹਨਾਂ ਦੋਹਾਂ ਦੇ ਦਸਖਤ ਹੋਣੇ ਜ਼ਰੂਰੀ ਹਨ ਜਾਂ ਉਹਨਾਂ ਵਿਚੋਂ ਕੋਈ ਇਕ ਦਸਖਤ ਕਰ ਸਕਦਾ ਹੈ।)

ਜੇ ਤੁਸੀਂ ਸਿਰਫ ਇਕ ਮੁਖਤਾਰ ਨਿਯੁਕਤ ਕੀਤਾ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਕ ਹੋਰ ਬਦਲਵਾਂ (ਅਲਟਰਨੇਟ) ਮੁਖਤਾਰ ਨਿਯੁਕਤ ਕਰੋ ਤਾਂਕਿ ਜੇ ਤੁਹਾਡੇ ਪਹਿਲੇ ਮੁਖਤਾਰ ਨੂੰ ਕੁੱਝ ਹੋ ਜਾਵੇ ਤਾਂ ਤੁਹਾਡਾ ਬਦਲਵਾਂ ਮੁਖਤਾਰ ਉਸਦੀ ਥਾਂ ਲੈ ਸਕੇ। ਪਰ ਤੁਹਾਨੂੰ ਇਹ ਗੱਲ ਚੰਗੀ ਤਰ੍ਹਾਂ ਸਾਫ ਕਰਨੀ ਪਵੇਗੀ ਕਿ ਉਹ ਕਿਹੜੀਆਂ ਹਾਲਤਾਂ ਹਨ ਜਿਹਨਾਂ ਵਿਚ ਤੁਹਾਡਾ ਬਦਲਵਾਂ ਮੁਖਤਾਰ,ਤੁਹਾਡੇ ਪਹਿਲੇ ਮੁਖਤਾਰ ਦੀ ਥਾਂ ਲੈ ਸਕਦਾ ਹੈ।

ਤੁਹਾਡੇ ਮੁਖਤਾਰ ਕੋਲ ਕਾਫੀ ਅਧਿਕਾਰ ਹੋਣਗੇ, ਇਸ ਲਈ ਉਸ ਵਿਅਕਤੀ ਨੂੰ ਚੁਣੋ ਜਿਸ ਉੱਪਰ ਤੁਹਾਨੂੰ ਵਿਸ਼ਵਾਸ ਹੈ ਅਤੇ ਜਿਹੜਾ ਪੈਸੇ ਧੇਲੇ ਦੇ ਮਾਮਲੇ ਨਿਪਟਾ ਸਕਦਾ ਹੈ। ਸਮਾਂ ਕੱਢ ਕੇ ਉਸ ਵਿਅਕਤੀ ਨਾਲ ਗੱਲਬਾਤ ਕਰੋ ਕਿ ਤੁਸੀਂ ਉਸ ਵਿਅਕਤੀ ਤੋਂ ਕੀ ਚਾਹੁੰਦੇ ਹੋ ਅਤੇ ਤੁਸੀਂ ਉਸ ਤੋਂ ਕੀ ਕਰਨ ਦੀ ਉਮੀਦ ਰੱਖਦੇ ਹੋ। ਉਸਨੂੰ ਪੁੱਛੋ ਕਿ ਕੀ ਉਹ ਤੁਹਾਡਾ ਮੁਖਤਾਰ ਬਣਨ ਲਈ ਰਜ਼ਾਮੰਦ ਹੈ।

ਤੁਸੀਂ ਇਕ ਟਰੱਸਟ ਕੰਪਨੀ ਨੂੰ ਆਪਣੇ ਮੁਖਤਾਰ ਦੇ ਤੌਰ ਉੱਤੇ ਚੁਣ ਸਕਦੇ ਹੋ। ਟਰੱਸਟ ਕੰਪਨੀ ਨੂੰ ਪੁੱਛੋ ਕਿ ਉਹ ਤੁਹਾਡੇ ਕੋਲੋਂ ਇਸਦਾ ਕਿੰਨਾ ਖਰਚਾ ਲੈਣਗੇ। ਤੁਸੀਂ ਪਬਲਿਕ ਗਾਰਡੀਅਨ ਐਂਡ ਟਰੱਸਟੀ (ਸਰਕਾਰੀ ਅਧਿਕਾਰੀ) ਨੂੰ ਵੀ ਆਪਣਾ ਮੁਖਤਾਰ ਨਿਯੁਕਤ ਕਰ ਸਕਦੇ ਹੋ। ਪਬਲਿਕ ਗਾਰਡੀਅਨ ਐਂਡ ਟਰੱਸਟੀ ਵੀ ਫੀਸ ਲੈਂਦੇ ਹਨ।

# ਮੁਖਤਾਰ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ

(The attorney's powers and responsibilities)

ਮੁਖਤਾਰ ਤੁਹਾਡੇ ਏਜੰਟ ਵਾਂਗ ਹੈ। ਉਸਨੂੰ ਇਮਾਨਦਾਰੀ ਅਤੇ ਵਿਸ਼ਵਾਸ ਭਰੇ ਢੰਗ ਨਾਲ ਤੁਹਾਡੇ ਹਿਤਾਂ ਲਈ ਕੰਮ ਕਰਨਾ ਚਾਹੀਦਾ ਹੈ। ਤੁਹਾਡੇ ਮੁਖਤਾਰ ਨੂੰ ਕਿਸੇ ਵੀ ਤਰ੍ਹਾਂ ਦੇ ਪੈਸੇ ਧੇਲੇ ਦੇ ਮਾਮਲੇ ਸੰਬੰਧੀ ਧਿਆਨ ਨਾਲ ਰੀਕਾਰਡ ਰੱਖਣੇ ਚਾਹੀਦੇ ਹਨ ਅਤੇ ਆਪਣੇ ਅਤੇ ਤੁਹਾਡੇ ਮਾਮਲਿਆਂ ਨੂੰ ਵੱਖ ਵੱਖ ਰੱਖਣਾ ਚਾਹੀਦਾ ਹੈ।

ਇਕ ਆਮ ਮੁਖਤਾਰਨਾਮਾ (ਜਨਰਲ ਪਾਵਰ ਆਫ ਅਟਾਰਨੀ) ਤੁਹਾਡੇ ਮੁਖਤਾਰ ਨੂੰ ਮਾਲੀ ਜਾਂ ਕਾਨੂੰਨੀ ਤੌਰ ਉੱਤੇ ਹਰ ਉਹ ਕੁੱਝ ਕਰਨ ਦਾ ਅਧਿਕਾਰ ਦਿੰਦੀ ਹੈ ਜੋ ਕੁੱਝ ਤੁਸੀਂ ਆਪਣੇ ਲਈ ਆਪ ਕਰ ਸਕਦੇ ਹੋਵੋ।ਇਸ ਵਿਚ ਇਹ ਕੁੱਝ ਸ਼ਾਮਲ ਹੋ ਸਕਦਾ ਹੈ: ਤੁਹਾਡੇ ਬੈਂਕ ਜਾਂ ਕਰੈਡਿਟ ਯੂਨੀਅਨ ਦੇ ਅਕਾਉਂਟ (ਖਾਤੇ) ਨੂੰ ਵਰਤਣਾ, ਤੁਹਾਡਾ ਇਨਕਮ ਟੈਕਸ ਭਰਨ ਲਈ ਕੈਨੇਡਾ ਕਸਟਮਜ਼ ਅਤੇ ਰੈਵਨਿਊ ਏਜੰਸੀ (ਰੈਵਨਿਊ ਕੈਨੇਡਾ) ਤੋਂ ਜਾਣਕਾਰੀ ਲੈਣਾ, ਤੁਹਾਡੀ ਕਾਰ ਦੀ ਇੰਸ਼ੋਰੈਂਸ ਕਰਾਉਣਾ ਜਾਂ ਤੁਹਾਡੀ ਕਾਰ ਵੇਚਣਾ ਜਾਂ ਤੁਹਾਡੇ ਘਰ ਜਾਂ ਜ਼ਮੀਨ/ ਜਾਇਦਾਦ (ਰੀਅਲ ਇਸਟੇਟ ਪ੍ਰਾਪਰਟੀ) ਵੇਚਣਾ।

ਤੁਸੀਂ ਸਿਰਫ ਕਿਸੇ ਖਾਸ ਕੰਮ ਲਈ ਮੁਖਤਾਰਨਾਮਾ ਬਣਾ ਕੇ ਆਪਣੇ ਮੁਖਤਾਰ ਦੇ ਅਧਿਕਾਰਾਂ ਨੂੰ ਸੀਮਤ ਕਰ ਸਕਦੇ ਹੋ। ਉਦਾਹਰਨ ਲਈ ਤੁਸੀਂ ਕਿਸੇ ਦੇ ਨਾਂ ਜ਼ਮੀਨ ਦੇ ਇਕ ਖਾਸ ਟੁਕੜੇ ਨੂੰ ਵੇਚਣ ਜਾਂ ਇਕ ਸੀਮਤ ਸਮੇਂ ਲਈ ਮੁਖਤਾਰਨਾਮਾ ਬਣਾ ਸਕਦੇ ਹੋ।

ਉਦਾਹਰਨ: ਗੁਰਮੀਤ ਕੌਰ ਆਪਣੀ ਭਤੀਜੀ ਦੇ ਨਾਂ ਬੈਂਕ ਵਿਚ ਗੁਰਮੀਤ ਕੌਰ ਦੀ ਪੈਨਸ਼ਨ ਦੀ ਚਿੱਕ ਜਮ੍ਹਾਂ ਕਰਾਉਣ ਅਤੇ ਬਿੱਲਾਂ ਦੀ ਅਦਾਇਗੀ ਲਈ ਇਕ ਖਾਸ ਮੁਖਤਾਰਨਾਮਾ (ਸਪੈਸਫਿਕ ਪਾਵਰ ਆਫ ਅਟਾਰਨੀ) ਬਣਾਕੇ ਦਿੰਦੀ ਹੈ। ਇਸ ਨਾਲ ਗੁਰਮੀਤ ਕੌਰ ਦੀ ਭਤੀਜੀ ਸਿਰਫ ਗੁਰਮੀਤ ਕੌਰ ਦੇ ਚੈਕਿੰਗ/ਸੇਵਿੰਗਜ਼ ਅਕਾਉਂਟ (ਖਾਤੇ) ਦੀ ਹੀ ਵਰਤੋਂ ਕਰ ਸਕਦੀ ਹੈ ਅਤੇ ਉਹ ਵੀ ਉਨੀ ਦੇਰ ਲਈ ਜਿੰਨੀ ਦੇਰ ਤੱਕ ਗੁਰਮੀਤ ਕੌਰ ਆਪਣੀ ਫੇਰੀ ਤੋਂ ਵਾਪਸ ਨਹੀਂ ਮੁੜ ਆਉਂਦੀ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਮੁਖਤਾਰ ਤੁਹਾਡੀ ਜ਼ਮੀਨ ਜਾਇਦਾਦ (ਰੀਅਲ ਇਸਟੇਟ) ਵੇਚ ਸਕੇ ਜਾਂ ਮਾਰਗੇਜ ਜਾਂ ਜ਼ਮੀਨ ਵਿਚੋਂ ਰਸਤਾ ਵਗੈਰਾ ਦੇਣ (ਈਜ਼ਮੈਂਟਸ) ਦੇ ਮਾਮਲੇ ਬਾਰੇ ਗੱਲ ਕਰ ਸਕੇ ਤਾਂ ਉਸ ਲਈ ਵੱਖਰੀਆਂ ਸ਼ਰਤਾਂ ਹਨ। ਜ਼ਮੀਨ /ਜਾਇਦਾਦ ਨਾਲ ਸੰਬੰਧਤ ਮੁਖਤਾਰ ਨਾਮੇ (ਪਾਵਰਜ਼ ਆਫ ਅਟਾਰਨੀ ਫਾਰ ਰੀਅਲ ਇਸਟੇਟ) ਵਾਲਾ ਹਿੱਸਾ ਸਫਾ 9 ਤੇ ਦੇਖੋ।

## ਮੁਖਤਾਰਨਾਮਾ ਕਦੋਂ ਸ਼ੁਰੂ ਹੁੰਦਾ ਹੈ?

(When powers of attorney start)

ਮੁਖਤਾਰਨਾਮਾ ਉਦੋਂ ਹੀ ਲਾਗੂ ਹੋ ਜਾਂਦਾ ਹੈ, ਜਦੋਂ ਉਸ ਉੱਤੇ ਦਸਖਤ ਕੀਤੇ ਜਾਣ ਪਰ, ਇਸ ਦੀ ਵਰਤੋਂ ਇਕਦਮ ਕਰਨ ਦੀ ਲੋੜ ਨਹੀਂ। ਇਹ ਯਕੀਨੀ ਬਣਾਉ ਕਿ ਤੁਹਾਡੇ ਮੁਖਤਾਰ ਨੂੰ ਪਤਾ ਹੋਵੇ ਤੁਸੀਂ ਉਸ ਵਲੋਂ ਮੁਖਤਾਰਨਾਮੇ ਦੀ ਵਰਤੋਂ ਕਦੋਂ ਚਾਹੁੰਦੇ ਹੋ।

## ਖਾਸ ਮੁਖਤਾਰਨਾਮਾ ਕਦੋਂ ਖਤਮ ਹੋ ਜਾਂਦਾ ਹੈ

(When powers of attorney end)

ਖਾਸ ਮੁਖਤਾਰਨਾਮਾ (ਸਪੈਸਫਿਕ ਪਾਵਰ ਆਫ ਅਟਾਰਨੀ) ਉਦੋਂ ਖਤਮ ਹੋ ਜਾਂਦਾ ਹੈ ਜਦੋਂ ਇਸ ਵਿਚ ਲਿਖਿਆ ਕੰਮ ਮੁਕੰਮਲ ਹੋ ਜਾਵੇ (ਉਦਾਹਰਨ ਲਈ ਇਸ ਵਿਚ ਦਰਜ ਕੀਤੀ ਜਾਇਦਾਦ ਵਿਕ ਜਾਵੇ) ਜਾਂ ਖਤਮ ਹੋਣ ਦੀ ਉਸ ਤਰੀਕ ਨੂੰ ਜੋ ਉਸ ਵਿਚ ਲਿਖੀ ਹੋਵੇ (ਉਦਾਹਰਨ ਲਈ, ਜਿਸ ਦਿਨ ਗੁਰਮੀਤ ਕੌਰ ਆਪਣੀ ਫੇਰੀ ਤੋਂ ਵਾਪਸ ਆ ਜਾਵੇ)।

ਆਮ ਮੁਖਤਾਰਨਾਮਾ (ਜਨਰਲ ਪਾਵਰ ਆਫ ਅਟਾਰਨੀ) ਆਪਣੇ ਆਪ ਖਤਮ ਹੋ ਜਾਂਦਾ ਹੈ ਜੇ:

- ਤੁਸੀਂ ਅਯੋਗ (ਇਨਕੈਪੇਬਲ) ਹੋ ਜਾਂਦੇ ਹੋ (ਜਾਂ ਤੁਸੀਂ ਮੁਖਤਾਰਨਾਮੇ ਵਿਚ ਕਾਇਮ ਰਹਿਣ ਦੀ ਧਾਰਾ(ਇੰਡਿਉਰਿੰਗ ਕਲਾਜ਼) ਲਿਖੀ ਹੋਈ ਹੋਵੇ। ਅਗਲਾ ਸਿਰਲੇਖ ਦੇਖੋ)
- ਤੁਹਾਡੇ ਮੁਖਤਾਰ ਦੀ ਮੌਤ ਹੋ ਜਾਵੇ (ਜਾਂ ਫਿਰ ਤੁਸੀਂ ਬਦਲਵਾਂ ਮੁਖਾਤਰ ਨਿਯੁਕਤ ਕੀਤਾ ਹੋਵੇ ਜਾਂ ਇਕ ਤੋਂ ਵੱਧ ਮੁਖਾਤਰ ਨਿਯੁਕਤ ਕੀਤੇ ਹੋਣ),
- ਤੁਹਾਡੀ ਮੌਤ ਹੋ ਜਾਵੇ,
- ਕਿਸੇ ਮੈਂਟਲ ਹੈਲਥ ਫੈਸਿਲਟੀ ਦੇ ਡਾਇਰੈਕਟਰ ਵਲੋਂ ਤੁਹਾਨੂੰ "ਅਯੋਗ" ਕਰਾਰ ਦੇ ਦਿੱਤਾ ਜਾਵੇ, ਜਾਂ
- ਅਦਾਲਤ ਤੁਹਾਡੀ ਬਿਨੈ ਉੱਤੇ ਫੈਸਲੇ ਕਰਨ ਲਈ ਕਿਸੇ ਵਿਅਕਤੀ ਨੂੰ "ਕਮੇਟੀ" ਦੇ ਰੂਪ ਵਿਚ ਨਿਯੁਕਤ ਕਰ ਦੇਵੇ।

ਤੁਸੀਂ ਵੀ ਆਪਣੇ ਮੁਖਤਾਰਨਾਮੇ ਨੂੰ ਕਿਸੇ ਵੀ ਸਮੇਂ ਮਨਸੂਖ ਕਰ ਸਦਕੇ ਹੋ। ਸਫਾ 5 ਦੇਖੋ।

## ਕਾਇਮ ਰਹਿਣ ਵਾਲਾ ਮੁਖਤਾਰਨਾਮਾ (ਇੰਡਿਉਰਿੰਗ ਪਾਵਰ ਆਫ ਅਟਾਰਨੀ)

(Enduring power of attorney)

ਜੇ ਤੁਸੀਂ "ਦਿਮਾਗੀ ਤੌਰ ਉੱਤੇ ਅਯੋਗ (ਮੈਂਟਲ ਇਨਕੈਪੇਬਲ)"ਹੋ ਜਾਵੋ ਤਾਂ ਮੁਖਤਾਰਨਾਮਾ ਆਪਣੇ ਆਪ ਖਤਮ ਹੋ ਜਾਂਦਾ ਹੈ ਜਾਂ ਫਿਰ ਤੁਸੀਂ ਇਕ ਫਿਕਰਾ ਲਿਖ ਦਿਉ ਕਿ ਤੁਸੀਂ ਇਸ ਹਾਲਤ ਵਿਚ ਵੀ ਮੁਖਤਾਰਨਾਮੇ ਨੂੰ ਕਾਇਮ ਰੱਖਣਾ ਚਾਹੁੰਦੇ ਹੋ।ਹੇਠਾਂ ਦਿੱਤਾ ਫਿਕਰਾ ਮੁਖਤਾਰਨਾਮੇ ਨੂੰ "ਕਾਇਮ ਰਹਿਣ ਵਾਲਾ ਮੁਖਤਾਰਨਾਮਾ (ਇੰਡਿਉਰਿੰਗ ਪਾਵਰ ਆਫ ਅਟਾਰਨੀ) ਬਣਾ ਦਿੰਦਾ ਹੈ:

"ਪਾਵਰ ਆਫ ਅਟਾਰਨੀ ਐਕਟ ਅਨੁਸਾਰ, ਮੈਂ ਐਲਾਨ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਮੇਰੇ ਵਲੋਂ ਦਿਮਾਗੀ ਤੌਰ ਉੱਤੇ ਅਯੋਗ ਹੋਣ ਦੀ ਕਿਸੇ ਵੀ ਹਾਲਤ ਵਿਚ ਇਸ ਮੁਖਤਾਰਨਾਮੇ ਦੀ ਵਰਤੋਂ ਕੀਤੀ ਜਾ ਸਕਦੀ ਹੈ।"

ਸਿਹਤ ਸੰਭਾਲ ਅਤੇ ਨਿੱਜੀ ਸੰਭਾਲ ਸੰਬੰਧੀ ਫੈਸਲੇ ਕਾਇਮ ਰਹਿਣ ਵਾਲੇ ਮੁਖਤਾਰਨਾਮੇ (ਇੰਡਿਉਰਿੰਗ ਪਾਵਰ ਆਫ ਅਟਾਰਨੀ) ਅਧੀਨ ਨਹੀਂ ਆਉਂਦੇ।

ਇਸ ਤੋਂ ਪਹਿਲਾਂ ਕਿ ਮਾਮਲੇ ਵੱਸੋਂ ਬਾਹਰੇ ਹੋ ਜਾਣ – ਯੋਜਨਾ ਬਣਾਉ।



*Plan ahead – before things get out of control.*

# ਮੁਖਤਾਰਨਾਮੇ ਬਾਰੇ ਪੁੱਛੇ ਜਾਣ ਵਾਲੇ ਕੁੱਝ ਆਮ ਸਵਾਲ

(Some common questions about powers of attorney)




## ਮੈਂ ਮੁਖਤਾਰਨਾਮਾ ਕਿਵੇਂ ਮਨਸੂਖ ਕਰ ਸਕਦਾ ਹਾਂ?

ਤੁਸੀਂ ਆਪਣਾ ਮੁਖਤਾਰਨਾਮਾ ਕਿਸੇ ਵੀ ਸਮੇਂ ਮਨਸੂਖ ਕਰ ਸਕਦੇ ਹੋ। ਆਪਣੇ ਮੁਖਤਾਰ ਨੂੰ ਲਿਖਤੀ ਨੋਟਿਸ ਦੇ ਦਿਉ।

ਉਦਾਹਰਨ: "ਮੈਂ, (ਤੁਹਾਡਾ ਨਾਂ) ਉਹ ਮੁਖਤਾਰਨਾਮਾ ਮਨਸੂਖ ਕਰਦਾ ਹਾਂ, ਜਿਹੜਾ (ਮੁਖਤਾਰ ਦਾ ਨਾਂ) ਨੂੰ ਦਿੱਤਾ ਗਿਆ ਸੀ
ਤਾਰੀਕ:____________________ ਦਸਖਤ:______________

ਜਿਹਨਾਂ ਵੀ ਸੰਸਥਾਂਵਾਂ, ਕੰਪਨੀਆਂ ਜਾਂ ਵਿਅਕਤੀਆਂ ਨਾਲ ਤੁਹਾਡਾ ਮੁਖਤਾਰ ਵਿਹਾਰ ਕਰਦਾ ਹੈ, ਉਹਨਾਂ ਨੂੰ ਨੋਟਿਸ ਦੀ ਇਕ ਇਕ ਕਾਪੀ ਭੇਜ ਦਿਉ।

## ਜੇ ਮੈਂ ਨਵਾਂ ਮੁਖਤਾਰਨਾਮਾ ਬਣਾਉਂਦਾ ਹਾਂ, ਕੀ ਫਿਰ ਮੇਰਾ ਪੁਰਾਣਾ ਮੁਖਤਾਰਨਾਮਾ ਆਪਣੇ ਆਪ ਮਨਸੂਖ ਹੋ ਜਾਂਦਾ ਹੈ?

ਨਹੀਂ । ਇਕੋ ਸਮੇਂ ਇਕ ਤੋਂ ਵੱਧ ਮੁਖਤਾਰਨਾਮੇ ਲਾਗੂ ਰਹਿ ਸਕਦੇ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਇਕ ਸਮੇਂ ਇਕ ਹੀ ਮੁਖਤਾਰਨਾਮਾ ਲਾਗੂ ਰਹੇ, ਤਾਂ ਨਵਾਂ ਮੁਖਤਾਰਨਾਮਾ ਬਣਾਉਣ ਸਮੇਂ ਸ਼ੁਰੂ ਵਿਚ ਇਸ ਤਰ੍ਹਾਂ ਲਿਖ ਦਿਉ:

"ਮੈਂ ਇਸਤੋਂ ਪਹਿਲਾਂ ਬਣਾਇਆ ਹਰ ਇਕ ਅਤੇ ਸਾਰੇ ਮੁਖਤਾਰਨਾਮੇ ਮਨਸੂਖ ਕਰਦਾ ਹਾਂ।"

## ਕੀ ਮੇਰਾ ਮੁਖਤਾਰ ਉਹ ਵਿਅਕਤੀ ਹੋ ਸਕਦਾ ਹੈ, ਜੋ ਦੂਜੇ ਸੂਬੇ ਵਿਚ ਰਹਿੰਦਾ ਹੈ?

ਹਾਂ। ਜਿਸ ਵਿਅਕਤੀ ਨੂੰ ਤੁਸੀਂ ਆਪਣਾ ਮੁਖਤਾਰ ਨਿਯੁਕਤ ਕਰਦੇ ਹੋ, ਉਸ ਵਿਅਕਤੀ ਲਈ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਹੋਣਾ ਜ਼ਰੂਰੀ ਨਹੀਂ।

## ਕੀ ਮੇਰਾ ਮੁਖਤਾਰ, ਇਹ ਫੈਸਲਾ ਕਰ ਸਕਦਾ ਹੈ ਕਿ ਉਸਨੇ ਮੇਰਾ ਮੁਖਤਾਰ ਨਹੀਂ ਬਣੇ ਰਹਿਣਾ?

ਹਾਂ। ਜ਼ਰੂਰੀ ਹੈ ਕਿ ਤੁਹਾਡਾ ਮੁਖਤਾਰ ਤੁਹਾਨੂੰ ਦੱਸੇ (ਚੰਗਾ ਹੋਵੇ ਜੇ ਲਿਖਤੀ ਰੂਪ ਵਿਚ ਦੱਸਿਆ ਜਾਵੇ) ਕਿ ਉਹ ਮੁਖਤਾਰ ਬਣੇ ਰਹਿਣਾ ਨਹੀਂ ਚਾਹੁੰਦਾ। ਜਦੋਂ ਅਜਿਹਾ ਹੋਵੇ ਤਾਂ ਲੋੜ ਹੈ ਕਿ ਤੁਸੀਂ ਜਾਂ ਤੁਹਾਡਾ ਮੁਖਤਾਰ ਉਹਨਾਂ ਸਾਰੀਆਂ ਸੰਸਥਾਵਾਂ, ਕੰਪਨੀਆਂ ਜਾਂ ਵਿਅਕਤੀਆਂ ਨੂੰ ਇਸ ਬਾਰੇ ਦੱਸ ਦਿਉ ਜਿਹਨਾਂ ਨਾਲ ਮੁਖਤਾਰ ਵਿਹਾਰ ਕਰਦਾ ਹੈ, ਅਤੇ ਫਿਰ ਤੁਹਾਨੂੰ ਨਵਾਂ ਮੁਖਤਾਰਨਾਮਾ ਬਣਾਉਣ ਦੀ ਲੋੜ ਪਵੇਗੀ।

## ਕੀ ਮੈਨੂੰ ਆਪਣੇ ਮੁਖਤਾਰ ਨੂੰ ਫੀਸ ਦੇਣੀ ਪਵੇਗੀ?

ਤੁਹਾਡੇ ਮੁਖਤਾਰ ਦਾ ਹੱਕ ਹੈ ਕਿ ਜਿਹੜੇ ਪੈਸੇ ਉਹ ਆਪਣੀ ਜੇਬ ਵਿਚੋਂ ਖਰਚੇ, ਉਹ ਉਸਨੂੰ ਅਦਾ ਕੀਤੇ ਜਾਣ। ਜੇ ਇਸਦੇ ਨਾਲ ਤੁਸੀਂ ਆਪਣੇ ਮੁਖਤਾਰ ਨੂੰ ਕੋਈ ਫੀਸ ਦੇਣੀ ਚਾਹੁੰਦੇ ਹੋ, ਤਾਂ ਜ਼ਰੂਰੀ ਹੈ ਕਿ ਤੁਸੀਂ ਇਹ ਲਿਖਤ ਵਿਚ ਲਿਖੋ। ਜੇ ਕੋਈ ਟਰੱਸਟ ਕੰਪਨੀ ਜਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਡੇ ਮੁਖਤਾਰ ਹਨ, ਤਾਂ ਉਹ ਤੁਹਾਨੂੰ ਇਕ ਇਕਰਾਰਨਾਮੇ ਉੱਤੇ ਦਸਖਤ ਕਰਨ ਲਈ ਕਹਿਣਗੇ ਜਿਸ ਵਿਚ ਲਿਖਿਆ ਹੋਵੇਗਾ ਕਿ ਉਹ ਫੀਸ ਲੈ ਸਕਦੇ ਹਨ।

## ਬੈਂਕ ਅਤੇ ਮੁਖਤਾਰਨਾਮੇ

ਆਮ ਤੌਰ ਉੱਤੇ ਬੈਂਕ ਅਤੇ ਕਰੈਡਿਟ ਯੂਨੀਅਨਾਂ ਕੋਲ ਮੁਖਤਾਰਨਾਮੇ ਲਈ ਆਪਣੇ ਫਾਰਮ ਹੁੰਦੇ ਹਨ। ਉਹ ਫਾਰਮ ਸਿਰਫ ਉਸ ਮਾਲੀ ਸੰਸਥਾਂ ਨਾਲ ਤੁਹਾਡੇ ਲੈਣ ਦੇਣ ਨਾਲ ਸੰਬੰਧਤ ਹਨ।

ਹੋ ਸਕਦਾ ਹੈ ਕਿ ਕੁੱਝ ਬੈਂਕ ਅਤੇ ਕਰੈਡਿਟ ਯੂਨੀਅਨ ਉਹਨਾਂ ਮੁਖਤਾਰਨਾਮਿਆਂ ਨੂੰ ਮੰਨਣੋਂ ਇਨਕਾਰ ਕਰ ਦੇਣ ਜਿਹੜੇ ਤੁਸੀਂ ਆਪ ਲਿਖੇ ਹਨ ਜਾਂ ਤੁਸੀਂ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਕੋਲੋਂ ਬਣਵਾਏ ਹਨ। ਇਨਕਾਰ ਕਰਨ ਦਾ ਉਹਨਾਂ ਕੋਲ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਮੈਨੇਜਰ ਨਾਲ ਗੱਲ ਕਰੋ। ਜੇ ਲੋੜ ਹੋਵੇ, ਤਾਂ ਵਕੀਲ ਨਾਲ ਗੱਲ ਕਰੋ।

# ਨਮੂਨਾ

(Sample)

ਹੇਠਾਂ ਨਮੂਨੇ ਦੇ ਤੌਰ ਉੱਤੇ ਇਕ ਮੁਖਤਾਰਨਾਮਾ ਦਿੱਤਾ ਜਾ ਰਿਹਾ ਹੈ ਜਿਸ ਵਿਚ ਦੋ ਮੁਖਤਾਰਾਂ ਦੇ ਨਾਂ ਅਤੇ “ਕਾਇਮ ਰਹਿਣ ਦੀ ਧਾਰਾ (ਇੰਡਿਉਰਿੰਗ ਕਲਾਜ਼)” ਲਿਖੀ ਗਈ ਹੈ।

| ਨਮੂਨੇ ਦਾ ਮੁਖਤਾਰਨਾਮਾ | |
|---|---|
| ਇਹ ਆਮ ਮੁਖਤਾਰਨਾਮਾ ___ਤਾਰੀਕ___ ਨੂੰ ___ਪੂਰਾ ਪਤਾ___ ਉੱਤੇ ਰਹਿਣ | (1) |
| ਵਾਲੇ ___ਦੇਣ ਵਾਲੇ ਦਾ ਨਾਂ___ ਨੇ ਬਣਵਾਇਆ। | (2) |
| ਮੈਂ ___ਮੁਖਤਾਰ ਦਾ ਪਤਾ___ ਉੱਤੇ ਰਹਿਣ ਵਾਲੇ ___ਮੁਖਤਾਰ ਦਾ ਨਾਂ___ ਅਤੇ | |
| ___ਦੂਜੇ ਮੁਖਤਾਰ ਦਾ ਪਤਾ___ ਉੱਤੇ ਰਹਿਣ ਵਾਲੇ ___ਦੂਜੇ ਮੁਖਤਾਰ ਦਾ ਨਾਂ___ ਨੂੰ ਪਾਵਰ ਆਫ ਅਟਾਰਨੀ | (3) |
| ਐਕਟ ਅਧੀਨ ਆਪਣੇ ਮੁਖਤਾਰ ਨਿਯੁਕਤ ਕਰਦਾ ਹਾਂ।ਉਹ ___ਇਕੱਲੇ ਇਕੱਲੇ ਮੁਖਤਾਰ ਦਾ ਕੰਮ ਕਰ ਸਕਦੇ ਹਨ___ | (4) |
| ਅਤੇ ਉਹ ਮੇਰੀ ਬਿਨੈ ਉੱਤੇ ਹਰ ਉਹ ਗੱਲ ਕਰ ਸਕਦੇ ਹਨ ਜੋ ਕਾਨੂੰਨ ਅਧੀਨ ਇਕ ਮੁਖਤਾਰ ਵਲੋਂ ਕੀਤੀ ਜਾ ਸਕਦੀ ਹੈ। | |
| "ਪਾਵਰ ਆਫ ਅਟਾਰਨੀ ਐਕਟ ਅਨੁਸਾਰ, ਮੈਂ ਐਲਾਨ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਮੇਰੇ ਵਲੋਂ ਦਿਮਾਗੀ ਤੌਰ ਉੱਤੇ ਅਯੋਗ ਹੋਣ ਦੀ ਕਿਸੇ ਵੀ ਹਾਲਤ ਵਿਚ ਵੀ ਇਸ ਮੁਖਤਾਰਨਾਮੇ ਦੀ ਵਰਤੋਂ ਕੀਤੀ ਜਾ ਸਕਦੀ ਹੈ।" | (5) |
| ਇਸ ਮੁਖਤਾਰਨਾਮੇ ਉੱਤੇ ਕੋਈ ਸ਼ਰਤਾਂ ਜਾਂ ਬੰਦਸ਼ਾਂ ___ਨਹੀਂ___ ਹਨ। | (6) |
| ਗਵਾਹ ਦੇ ਦਸਖਤ:___ | (7) |
| ਗਵਾਹਾਂ ਦਾ ਨਾਂ (ਸਾਫ ਲਿਖੋ)___<br>ਗਵਾਹਾਂ ਦਾ ਪਤਾ: ___<br>ਮੁਖਤਾਰਨਾਮਾ ਦੇਣ ਵਾਲੇ ਦੇ ਦਸਖਤ: ___ | ਉਪਰਲੇ ਢੰਗ ਨਾਲ (ਗਵਾਹ ਦੇ ਦਸਖਤਾਂ ਨਾਲ) ਤਿਆਰ ਕੀਤੇ ਮੁਖਤਾਰਨਾਮੇ ਅਧੀਨ ਤੁਹਾਡੇ ਮੁਖਤਾਰ ਨੂੰ ਤੁਹਾਡੀ ਬਿਨੈ ਉੱਤੇ ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਦੇ ਮਾਮਲਿਆਂ ਨਾਲ ਨਜਿੱਠਣ ਦੀ ਇਜਾਜ਼ਤ ਨਹੀਂ ਹੋਵੇਗੀ। ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਨਾਲ ਨਜਿੱਠਣ ਵਾਲਾ ਮੁਖਤਾਰਨਾਮਾ ਬਣਾਉਣ ਲਈ ਗਵਾਹ ਦੇ ਦਸਖਤ ਵਾਲੇ ਹਿੱਸੇ ਦੀ ਥਾਂ ਸ਼ਫ਼ਾ 7 ਤੇ ਬਾਕਸ ਵਿਚ ਦਿੱਤੀ ਲਿਖਤ ਵਰਤੋ। |

ਹੇਠਾਂ ਦਿੱਤੇ ਨੋਟ ਉੱਪਰ ਨਮੂਨੇ ਵਜੋਂ ਦਿੱਤੇ ਮੁਖਤਾਰਨਾਮੇ ਨਾਲ ਸੰਬੰਧਤ ਹਨ।

(1) ਇਹ ਉਸ ਦਿਨ ਦੀ ਤਾਰੀਕ ਹੈ, ਜਿਸ ਦਿਨ ਤੁਸੀਂ ਲਿਖਤ ਉੱਤੇ ਦਸਖਤ ਕੀਤੇ ਹਨ।

(2) ਆਪਣਾ ਪੂਰਾ ਨਾਂ ਲਿਖੋ, ਜਿਸ ਤਰ੍ਹਾਂ ਤੁਹਾਡੇ ਬੈਂਕ ਖਾਤੇ, ਟੈਕਸ ਜਾਂ ਮਾਲੀ ਮਾਮਲਿਆ ਨਾਲ ਸੰਬੰਧਤ ਦੂਜੇ ਪੇਪਰਾਂ ਉੱਤੇ ਲਿਖਿਆ ਹੋਇਆ ਹੈ। (ਉਦਾਹਰਨ ਲਈ "ਦੀਸ਼ੋ ਰੰਧਾਵਾ" ਦੀ ਥਾਂ
"ਜਗਦੀਸ਼ ਕੌਰ ਰੰਧਾਵਾ" ਲਿਖੋ।)

(3) ਬਦਲਵੇਂ ਮੁਖਤਾਰ ਦਾ ਨਾਂ ਲਿਖਦੇ ਸਮੇਂ ਲਿਖੋ: "ਮੈਂ (ਬਦਲਵੇਂ ਮੁਖਤਾਰ ਦਾ ਨਾਂ) ਜੋ (ਬਦਲਵੇਂ ਮੁਖਤਾਰ ਦਾ ਪਤਾ) ਦਾ ਰਹਿਣ ਵਾਲਾ ਹੈ, ਨੂੰ ਆਪਣਾ ਮੁਖਤਾਰ ਨਿਯੁਕਤ ਕਰਦਾ ਹਾਂ ਜੇ (ਪਹਿਲੇ ਮੁਖਤਾਰ ਦਾ ਨਾਂ) ਮਰ ਜਾਵੇ ਜਾਂ ਉਹ ਮੁਖਤਾਰ ਦੇ ਤੌਰ ਉੱਤੇ ਕੰਮ ਕਰਨ ਤੋਂ ਅਯੋਗ ਹੋ ਜਾਵੇ ਜਾਂ ਨਾਂਹ ਕਰ ਦੇਵੇ।

(4) ਜੇ ਇਕ ਤੋਂ ਵੱਧ ਮੁਖਤਾਰ ਹੋਣ ਤਾਂ ਅਗਲੀਆਂ ਗੱਲਾਂ ਵਿਚੋਂ ਇਕ ਲਿਖੋ "ਜੋ ਇਕੱਠੇ ਕੰਮ ਕਰਨਗੇ" ਜਾਂ "ਜੋ ਇਕੱਲੇ ਇਕੱਲੇ ਕੰਮ ਕਰ ਸਕਦੇ ਹਨ।"

(5) ਇਹ "ਕਾਇਮ ਰਹਿਣ ਦੀ ਧਾਰਾ (ਇੰਡਿਉਰਿੰਗ ਲਕਾਜ਼) ਹੈ (ਕ੍ਰਿਪਾ ਕਰਕੇ ਸਫਾ 4 ਦੇਖੋ)।

(6) ਤੁਸੀਂ ਆਪਣੇ ਮੁਖਤਾਰ ਦੇ ਅਧਿਕਾਰਾਂ ਬਾਰੇ ਕਿਸੇ ਵੀ ਤਰ੍ਹਾਂ ਦੀਆਂ ਸ਼ਰਤਾਂ ਜਾਂ ਬੰਦਸ਼ਾਂ ਬਾਰੇ ਲਿਖ ਸਕਦੇ ਹੋ।

(7) ਗਵਾਹ ਦੀ ਉਮਰ 19 ਸਾਲ ਜਾਂ ਇਸਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਉਹ ਤੁਹਾਡਾ ਵਿਆਹੁਤਾ ਸਾਥੀ ਜਾਂ ਉਹ ਵਿਅਕਤੀ ਨਹੀਂ ਹੋਣਾ ਚਾਹੀਦਾ ਜਿਸਨੂੰ ਤੁਸੀਂ ਆਪਣਾ ਮੁਖਤਾਰ ਨਿਯੁਕਤ ਕਰ ਰਹੇ ਹੋ। ਇਹ ਕੋਈ ਗੁਆਂਢੀ, ਦੋਸਤ ਵਗੈਰਾ ਹੋ ਸਕਦਾ ਹੈ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਮੁਖਤਾਰ ਤੁਹਾਡੀ ਕਾਰ ਨੂੰ ਵੇਚ ਸਕੇ ਜਾਂ ਉਸਦੀ ਇੰਸ਼ੋਰੈਂਸ ਕਰਵਾ ਸਕੇ (ਜੇ ਤੁਸੀਂ ਆਪ ਅਜਿਹਾ ਨਹੀਂ ਕਰ ਸਕਦੇ) ਤਾਂ ਤੁਹਾਨੂੰ ਅਤੇ ਗਵਾਹ ਨੂੰ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਦੇ ਸਾਹਮਣੇ ਦਸਤਖਤ ਕਰਨੇ ਜ਼ਰੂਰੀ ਹਨ।ਫਿਰ ਇਹ ਵਕੀਲ ਜਾਂ ਨੋਟਰੀ ਪਬਲਿਕ ਮੁਖਤਾਰਨਾਮੇ ਉੱਤੇ ਆਪਣੀ ਮੁਹਰ ਲਾਏਗਾ। (ਇਹ ਗੱਲ ਨਮੂਨੇ ਦੇ ਮੁਖਤਾਰਨਾਮੇ ਵਿਚ ਨਹੀਂ ਦਿੱਤੀ ਗਈ)

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਮੁਖਤਾਰ ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਦੇ ਮਾਮਲਿਆਂ ਨੂੰ ਨਿਪਟਾ ਸਕੇ (ਜ਼ਮੀਨ/ਜਇਦਾਦ ਦੇ ਮਾਮਲਿਆਂ ਲਈ ਮੁਖਤਾਰਨਾਮੇ ਵਾਲਾ ਹਿੱਸਾ ਸਫਾ 9 ਤੇ ਦੇਖੋ), ਤਾਂ ਜ਼ਰੂਰੀ ਹੈ ਕਿ ਇਸ ਹਿੱਸੇ ਉੱਤੇ ਕੋਈ ਵਕੀਲ ਜਾਂ ਨੋਟਰੀ ਪਬਲਿਕ ਗਵਾਹੀ ਪਾਵੇ। ਨਮੂਨੇ ਦੇ ਮੁਖਤਾਰਨਾਮੇ ਵਿਚ ਗਵਾਹੀ ਬਾਰੇ ਦਿੱਤੇ ਹਿੱਸੇ ਦੀ ਥਾਂ ਹੇਠਾਂ ਬਾਕਸ ਵਿਚ ਦਿੱਤਾ ਹਿੱਸਾ ਵਰਤੋਂ।

| ਅਫਸਰ ਦੇ ਦਸਖਤ<br>Officer Signature(s) | ਬਣਾਉਣ ਦੀ ਤਾਰੀਕ<br>Execution Date | ਦੇਣ ਵਾਲੇ ਦੇ ਦਸਖਤ<br>Transferor(s) Signature |
|---|---|---|
| ____________________ | | | | | | ____________________ |

(ਵਕੀਲ ਜਾਂ ਨੋਟਰੀ ਪਬਲਿਕ ਸਾਲ ਮਹੀਨਾਂ ਤਾਰੀਕ (ਮੁਖਤਾਰਨਾਮਾ ਦੇਣ ਦੀ ਮੁਹਰ ਅਤੇ ਦਸਖਤ) ਵਾਲੇ ਦੇ ਦਸਖਤ)ਅਫਸਰ ਦੀ ਤਸਦੀਕੀ ਬਾਰੇ ਬਿਆਨ (ਅਫਸਰ ਸਰਟੀਫਿਕੇਸ਼ਨ ਸਟੇਟਮੈਂਟ): ਤੁਹਾਡੇ ਦਸਖਤਾਂ ਦਾ ਅਰਥ ਹੈ ਕਿ ਤੁਸੀਂ ਵਕੀਲ ਜਾਂ ਨੋਟਰੀ ਪਬਲਿਕ ਹੋ ਜਾਂ ਅਜਿਹੇ ਵਿਅਕਤੀ ਹੋ ਜਿਸਨੂੰ ਐਵੀਡੈਂਸ ਐਕਟ, ਆਰ ਐਸ ਬੀ ਸੀ 1996 ਸੀ.24 ਅਧੀਨ ਬ੍ਰਿਟਿਸ਼ ਕੋਲੰਬੀਆ ਵਿਚ ਹਲਫੀਆ ਬਿਆਨ ਲੈਣ ਅਤੇ ਇਸ ਲਿਖਤ ਨੂੰ ਤਿਆਰ ਕਰਨ ਨਾਲ ਸੰਬੰਧਤ ਲੈਂਡ ਟਾਇਟਲ ਐਕਟ ਦੇ ਭਾਗ 5 ਵਿਚ ਦਰਜਾ ਮਿਲਿਆ ਬਾਰੇ ਤਸਦੀਕ ਕਰਨ ਦੀ ਪ੍ਰਵਾਨਗੀ ਹੈ।



## ਕੀ ਮੈਨੂੰ ਪੇਸ਼ਾਵਰ ਮਦਦ ਦੀ ਲੋੜ ਹੈ?

ਕਿਸੇ ਤਰ੍ਹਾਂ ਦੀ ਪੇਸ਼ਾਵਰ ਮਦਦ ਲੈਣਾ ਚੰਗੀ ਗੱਲ ਹੈ, ਖਾਸ ਕਰਕੇ ਜੇ ਤੁਹਾਡੀ ਸਥਿਤੀ ਗੁੰਝਲਦਾਰ ਜਾਂ ਅਸਧਾਰਣ ਹੋਵੇ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਮੁਖਤਾਰ ਕੋਲ ਤੁਹਾਡੀ ਕਾਰ ਦੀ ਇੰਸ਼ੋਰੈਂਸ ਨਵਿਆਉਣ ਜਾਂ ਤੁਹਾਡੀ ਕਾਰ ਵੇਚਣ ਦਾ ਅਧਿਕਾਰ ਹੋਵੇ (ਜੇ ਤੁਸੀਂ ਇਹ ਕੰਮ ਆਪ ਨਹੀਂ ਕਰ ਸਕਦੇ) ਤਾਂ ਆਈ ਸੀ ਬੀ ਸੀ ਅਤੇ ਮੋਟਰ ਵਹੀਲਕ ਬ੍ਰਾਂਚ ਅਨੁਸਾਰ ਤੁਹਾਡੇ ਮੁਖਤਾਰਨਾਮੇ ਦਾ "ਪ੍ਰਮਾਣਿਤ ਜਾਂ ਨੋਟਰਾਈਜ" ਹੋਣਾ ਜ਼ਰੂਰੀ ਹੈ। ਇਸਦਾ ਭਾਵ ਹੈ ਕਿ ਜਦੋਂ ਤੁਸੀਂ ਮੁਖਤਾਰਨਾਮਾ ਬਣਾਉਂਦੇ ਹੋ, ਉਸ ਸਮੇਂ ਇਹ ਦਰਸਾਉਣ ਲਈ ਕਿ ਤੁਸੀਂ ਅਤੇ ਗਵਾਹ ਨੇ ਇਕ ਵਕੀਲ ਜਾਂ ਨੋਟਰੀ ਪਬਲਿਕ ਦੇ ਸਾਹਮਣੇ ਦਸਖਤ ਕੀਤੇ ਹਨ, ਇਕ ਵਕੀਲ ਜਾਂ ਨੋਟਰੀ ਪਬਲਿਕ ਤੁਹਾਡੇ ਮੁਖਤਾਰਨਾਮੇ ਉੱਤੇ ਆਪਣੀ ਮੁਹਰ ਲਾਉਂਦਾ ਹੈ।

ਜੇ ਤੁਸੀਂ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਕੋਲ ਜਾਵੋ ਤਾਂ ਪਹਿਲਾਂ ਇਹ ਪਤਾ ਕਰ ਲਉ ਕਿ ਉਹ ਇਸਦੀ ਕਿੰਨੀ ਫੀਸ ਲਵੇਗਾ। ਆਲੇ ਦੁਆਲੇ ਫੋਨ ਕਰਕੇ ਫੀਸ ਬਾਰੇ ਪੁੱਛ ਗਿੱਛ ਕਰੋ। ਵਕੀਲ ਜਾਂ ਨੋਟਰੀ ਪਬਲਿਕ ਲੱਭਣ ਬਾਰੇ ਸਫਾ 10 ਦੇਖੋ।

ਜੇ ਤੁਹਾਡਾ ਮੁਖਤਾਰਨਾਮਾ ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਨਾਲ ਸੰਬੰਧਤ ਹੈ ਤਾਂ ਜ਼ਰੂਰੀ ਹੈ ਕਿ ਤੁਸੀਂ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਕੋਲ ਜਾਵੋ। (ਅੱਗੇ ਜ਼ਮੀਨ/ਜਾਇਦਾਦ ਦੇ ਮਾਮਲਿਆਂ ਲਈ ਮੁਖਤਾਰਨਾਮੇ ਵਾਲਾ ਹਿੱਸਾ ਸਫਾ 9 ਤੇ ਦੇਖੋ)।

## ਆਪਣੇ ਮੁਖਤਾਰਨਾਮੇ ਦੀ ਦੁਰਵਰਤੋਂ ਰੋਕਣ ਲਈ ਮੈਂ ਕੀ ਕਰ ਸਕਦਾ ਹਾਂ?

ਮੁਖਤਾਰਨਾਮਾ ਬਣਾਉਣ ਤੋਂ ਪਹਿਲਾਂ ਸ਼ਾਇਦ ਤੁਸੀਂ ਕਿਸੇ ਦੋਸਤ, ਪਰਿਵਾਰ ਦੇ ਮੈਂਬਰ, ਕਮਿਊਨਟੀ ਐਡਵੋਕੇਟ ਜਾਂ ਵਕੀਲ ਨਾਲ ਗੱਲ ਕਰਨੀ ਚਾਹੋ। ਤੁਸੀਂ ਆਪਣੇ ਮੁਖਤਾਰ ਉੱਤੇ ਵੀ ਜ਼ੋਰ ਪਾ ਸਕਦੇ ਹੋ ਕਿ ਉਹ ਆਪਣੀ ਜ਼ਿੰਮੇਵਾਰੀ ਜਾਣਨ ਲਈ ਕਾਨੂੰਨੀ ਸਲਾਹ ਲਵੇ। ਉਦਾਹਰਨ ਲਈ, ਇਹ ਜ਼ਰੂਰੀ ਹੈ ਕਿ ਮੁਖਤਾਰ ਸਹੀ ਰੀਕਾਰਡ ਰੱਖਣ ਅਤੇ ਵਿਅਕਤੀ ਦੀ ਜਾਇਦਾਦ ਵਿਚੋਂ ਕੋਈ ਨਿੱਜੀ ਫਾਇਦਾ ਨਾ ਲੈਣ।

ਸਿਰਫ ਉਸ ਵਿਅਕਤੀ ਨੂੰ ਹੀ ਆਪਣਾ ਮੁਖਤਾਰ ਬਣਾਉ, ਜਿਸ ਉੱਪਰ ਤੁਹਾਨੂੰ ਭਰੋਸਾ ਹੋਵੇ। ਜੇ ਸੰਭਵ ਹੋਵੇ ਤਾਂ ਇਕ ਤੋਂ ਵੱਧ ਵਿਅਕਤੀਆਂ ਨੂੰ ਨਿਯੁਕਤ ਕਰੋ। ਉਹਨਾਂ ਨੂੰ ਮੁਖਤਾਰ ਬਣਾਉਣ ਤੋਂ ਪਹਿਲਾਂ ਉਹਨਾਂ ਨਾਲ ਗੱਲ ਕਰੋ ਅਤੇ ਯਕੀਨੀ ਬਣਾਉ ਕਿ ਉਹਨਾਂ ਨੂੰ ਇਸ ਗੱਲ ਦੀ ਸਮਝ ਹੋਵੇ ਕਿ ਤੁਸੀਂ ਉਹਨਾਂ ਤੋਂ ਕੀ ਆਸ ਰੱਖਦੇ ਹੋ ਅਤੇ ਤੁਸੀਂ ਕਦੋਂ ਚਾਹੁੰਦੇ ਹੋ ਕਿ ਉਹ ਤੁਹਾਡੀ ਬਿਨੈ ਉੱਤੇ ਕੰਮ ਕਰਨ।

ਯਾਦ ਰਖੋ ਕਿ ਮੁਖਤਾਰਨਾਮਾ ਉਸ ਸਮੇਂ ਹੀ ਲਾਗੂ ਹੋ ਜਾਂਦਾ ਹੈ, ਜਿਸ ਸਮੇਂ ਉਸ ਦੇ ਉੱਤੇ ਦਸਖਤ ਹੋ ਜਾਂਦੇ ਹਨ ਪਰ ਜਿੰਨਾ ਚਿਰ ਤੁਹਾਨੂੰ ਮਦਦ ਦੀ ਲੋੜ ਨਾ ਪਵੇ, ਇਸਨੂੰ ਵਰਤਣਾ ਜ਼ਰੂਰੀ ਨਹੀਂ। ਤੁਸੀਂ ਇਸ ਤਰ੍ਹਾਂ ਵੀ ਕਰ ਸਕਦੇ ਹੋ ਕਿ ਤੁਸੀਂ ਮੁਖਤਾਰਨਾਮਾ ਕਿਸੇ ਹੋਰ ਭਰੋਸੇ ਦੇ ਵਿਅਕਤੀ ਨੂੰ ਦੇ ਦਿਉ ਅਤੇ ਉਸਨੂੰ ਦੱਸ ਦਿਉ ਕਿ ਉਹ ਕਿਸੇ ਸਮੇਂ ਮੁਖਤਾਰਨਾਮਾ ਮੁਖਤਾਰ ਨੂੰ ਦੇਵੇ।

ਤੁਸੀਂ ਮੁਖਤਾਰ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ ਦੀ ਹੱਦਬੰਦੀ ਕਰ ਸਕਦੇ ਹੋ। ਤੁਸੀਂ ਇਹ ਸ਼ਰਤ ਲਾ ਸਕਦੇ ਹੋ ਕਿ ਮੁਖਤਾਰ ਤੁਹਾਡੇ ਪੈਸੇ ਧੇਲੇ ਦਾ ਰੀਕਾਰਡ ਰੱਖੇ ਅਤੇ ਬਕਾਇਦਗੀ ਨਾਲ ਇਹ ਰੀਕਾਰਡ ਤੁਹਾਨੂੰ ਦਿਖਾਏ। ਤੁਹਾਨੂੰ ਆਪਣੇ ਬੈਂਕ ਦੀਆਂ ਚਿੱਠੀਆਂ (ਸਟੇਟਮੈਂਟਸ) ਨੂੰ ਵੀ ਪੜ੍ਹਨਾ ਚਾਹੀਦਾ ਹੈ।

ਮੁਖਤਾਰਨਾਮੇ ਦੀ ਦੁਰਵਰਤੋਂ ਕਰਨਾ ਇਕ ਜੁਰਮ ਹੈ। ਜੇ ਤੁਹਾਡਾ ਮੁਖਤਾਰ ਮੁਖਤਾਰਨਾਮੇ ਦੀ ਦੁਰਵਰਤੋਂ ਕਰਦਾ ਹੈ ਤਾਂ ਇਕਦਮ ਮੁਖਤਾਰਨਾਮਾ ਮਨਸੂਖ (ਕੈਂਸਿਲ) ਕਰ ਦਿਉ ਅਤੇ ਕਾਨੂੰਨੀ ਸਲਾਹ ਲਵੋ। ਹੋ ਸਕਦਾ ਹੈ ਕਿ ਤੁਹਾਡੇ ਕੋਲੋਂ ਲੈ ਲਈ ਗਈ ਤੁਹਾਡੀ ਜਾਇਦਾਦ ਜਾਂ ਪੈਸੇ ਵਾਪਸ ਲੈਣ ਲਈ ਤੁਸੀਂ ਮੁਖਤਾਰ ਉੱਤੇ ਮੁਕੱਦਮਾ ਕਰ ਸਕੋ।

ਜੇ ਤੁਸੀਂ ਅਯੋਗ ਹੋ ਅਤੇ ਮੁਖਤਾਰਨਾਮਾ ਮਨਸੂਖ (ਕੈਂਸਿਲ) ਨਹੀਂ ਕਰਵਾ ਸਕਦੇ ਤਾਂ ਤੁਸੀਂ ਜਾਂ ਕੋਈ ਹੋਰ ਇਸ ਹਾਲਤ ਬਾਰੇ ਰੀਪੋਰਟ ਕਰਨ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਦਫਤਰ ਫੋਨ ਕਰ ਸਕਦੇ ਹੋ। ਉਹ ਇਸ ਬਾਰੇ ਜਾਂਚ ਕਰਨਗੇ।

## ਮੈਂ ਦਸ ਸਾਲ ਪਹਿਲਾਂ ਮੁਖਤਾਰਨਾਮਾ ਬਣਾਇਆ ਸੀ, ਕੀ ਉਹ ਹੁਣ ਵੀ ਠੀਕ ਹੈ?

ਹਾਂ। ਫਿਰ ਵੀ ਇਹ ਪੱਕਾ ਕਰਨ ਲਈ ਕਿ ਕੀ ਇਹ ਉਹ ਸੱਭ ਕੁੱਝ ਕਰ ਸਕੇਗਾ ਜੋ ਤੁਸੀਂ ਕਰਨਾ ਚਾਹੁੰਦੇ ਹੋ ਅਤੇ ਕੀ ਇਸ ਵਿਚ ਦਿੱਤੀ ਜਾਣਕਾਰੀ ਸਹੀ ਹੈ, ਤੁਹਾਨੂੰ ਇਸ ਨੂੰ ਦੁਬਾਰਾ ਦੇਖ ਲੈਣਾ ਚਾਹੀਦਾ ਹੈ। ਹੋ ਸਕਦਾ ਹੈ ਤੁਸੀਂ ਨਵਾਂ ਮੁਖਤਾਰਨਾਮਾ ਬਣਾਉਣ ਦਾ ਫੈਸਲਾ ਕਰੋ।

ਆਪਣੇ ਮਾਲੀ ਮਾਮਲਿਆਂ (ਵਸੀਅਤ ਸਮੇਤ) ਬਾਰੇ ਹਰ ਦੋ ਜਾਂ ਤਿੰਨ ਸਾਲਾਂ ਬਾਅਦ ਮੁੜ ਗੌਰ ਕਰ ਲੈਣਾ, ਚੰਗੀ ਗੱਲ ਹੈ। ਪਤੇ ਬਦਲਦੇ ਰਹਿੰਦੇ ਹਨ, ਅਤੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਬਦਲਦੀਆਂ ਰਹਿੰਦੀਆਂ ਹਨ। ਅੱਪ ਟੂ ਡੇਟ ਰਹੋ।

## ਦੂਜੇ ਸੂਬੇ ਜਾਂ ਮੁਲਕ ਵਿਚ ਬਣਾਏ ਗਏ ਮੁਖਤਾਰਨਾਮੇ

ਕੈਨੇਡਾ ਦੇ ਹਰ ਸੂਬੇ ਦੇ ਮੁਖਤਾਰਨਾਮਿਆਂ ਬਾਰੇ ਵੱਖਰੇ ਵੱਖਰੇ ਕਾਨੂੰਨ ਅਤੇ ਕਾਰਜਪ੍ਰਣਾਲੀਆਂ ਹਨ।ਇਹ ਜਾਣਕਾਰੀ ਬੀ ਸੀ ਵਿਚ ਰਹਿਣ ਵਾਲੇ ਲੋਕਾਂ ਉੱਤੇ ਲਾਗੂ ਹੁੰਦੀ ਹੈ, ਜਿਹਨਾਂ ਦਾ ਪੈਸਾ-ਧੇਲਾ ਅਤੇ ਜਾਇਦਾਦ ਬੀ ਸੀ ਵਿਚ ਹੈ। ਦੂਜੇ ਸੂਬਿਆਂ ਜਾਂ ਮੁਲਕਾਂ ਵਿਚ ਮੁਖਤਾਰਨਾਮਿਆਂ ਬਾਰੇ ਜਾਣਕਾਰੀ ਲੈਣ ਲਈ ਕਾਨੂੰਨ ਦੇ ਖੇਤਰ ਵਿਚ ਕੰਮ ਕਰਦੇ ਕਿਸੇ ਪੇਸ਼ਾਵਰ ਵਿਅਕਤੀ ਦੀ ਸਲਾਹ ਲਵੋ। ਸ਼ਾਇਦ ਤੁਸੀਂ ਸੈਲਫ ਕਾਉਂਸਲ ਪ੍ਰੈਸ ਵਲੋਂ ਛਾਪੀ ਗਈ "ਪਾਵਰ ਆਫ ਅਟਾਰਨੀ" ਨਾਂ ਦੀ ਕਿਤਾਬ ਵੀ ਪੜ੍ਹਨਾ ਚਾਹੋ। ਇਹ ਕਿਤਾਬ ਸਟੇਸ਼ਨਰੀ ਅਤੇ ਕਿਤਾਬਾਂ ਦੀਆਂ ਦੁਕਾਨਾਂ ਤੋਂ ਮਿਲਦੀ ਹੈ ਅਤੇ ਕਈ ਲਾਇਬ੍ਰੇਰੀਆਂ ਵਿਚ ਵੀ ਹੈ।

## ਜੇ ਮੇਰੀ ਜਾਇਦਾਦ ਕਿਸੇ ਦੂਸਰੇ ਸੂਬੇ ਵਿਚ ਹੋਵੇ, ਤਾਂ ਕੀ ਮੇਰਾ ਬੀ ਸੀ ਦਾ ਮੁਖਤਾਰਨਾਮਾ ਉੱਥੇ ਲਾਗੂ ਹੋਵੇਗਾ?

ਸੰਭਵ ਹੈ। ਫਿਰ ਵੀ, ਬਚਾਅ ਲਈ ਉਸ ਸੂਬੇ ਵਿਚ ਕਿਸੇ ਵਕੀਲ ਦੀ ਸਲਾਹ ਲੈਣੀ ਚਾਹੀਦੀ ਹੈ।

## ਬੀ ਸੀ ਵਿਚ ਆਉਣ ਤੋਂ ਪਹਿਲਾਂ ਮੇਰੀ ਮਾਂ ਨੇ ਅਲਬਰਟਾ ਵਿਚ ਮੁਖਤਾਰਨਾਮਾ ਬਣਾਇਆ ਸੀ । ਕੀ ਉਸਦਾ ਮੁਖਤਾਰਨਾਮਾ ਹੁਣ ਵੀ ਠੀਕ ਹੈ?

ਜ਼ਿਆਦਾ ਆਸ ਹੈ ਕਿ ਅਲਬਰਟਾ ਵਿਚ ਬਣਾਏ ਮੁਖਤਾਰਨਾਮੇ ਨੂੰ ਬੀ ਸੀ ਵਿਚ ਵੀ ਸਹੀ ਮੰਨਿਆ ਜਾਵੇਗਾ। ਪਰ ਜ਼ਮੀਨ /ਜਾਇਦਾਦ (ਰੀਅਲ ਇਸਟੇਟ ਪ੍ਰਾਪਰਟੀ) ਦੇ ਮਾਮਲਿਆਂ ਵਿਚ ਇਹ ਕੰਮ ਨਹੀਂ ਕਰੇਗਾ। ਜੇ ਸੰਭਵ ਹੋਵੇ ਤਾਂ ਉਸ ਨੂੰ ਨਵਾਂ ਮੁਖਤਾਰਨਾਮਾ ਬਣਾਉਣਾ ਚਾਹੀਦਾ ਹੈ।

# ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਲਈ ਮੁਖਤਾਰਨਾਮਾ

(Powers of Attorney for Real Estate)

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਮੁਖਤਾਰ ਤੁਹਾਡੀ ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਵੇਚ ਸਕੇ ਜਾਂ ਮਾਰਗੇਜ ਜਾਂ ਜ਼ਮੀਨ ਵਿਚੋਂ ਰਸਤਾ ਵਗੈਰਾ ਦੇਣ (ਈਜ਼ਮੈਂਟਸ) ਦੇ ਮਾਮਲਿਆਂ ਨਾਲ ਨਜਿੱਠ ਸਕੇ ਤਾਂ ਉਸ ਲਈ ਖਾਸ ਸ਼ਰਤਾਂ ਹਨ। ਜ਼ਰੂਰੀ ਹੈ ਕਿ ਤੁਸੀਂ ਮੁਖਤਾਰਨਾਮਾ ਤਿਆਰ ਕਰਨ ਲਈ ਕਿਸੇ ਵਕੀਲ ਜਾਂ ਨੋਟਰੀ ਪਬਲਿਕ ਕੋਲ ਜਾਉ ਅਤੇ ਇਹ ਕੁੱਝ ਗੱਲਾਂ ਹਨ ਜਿਹਨਾਂ ਬਾਰੇ ਤੁਹਾਨੂੰ ਜਾਣਕਾਰੀ ਹੋਣੀ ਚਾਹੀਦੀ ਹੈ:

- ਤੁਹਾਡੇ ਮੁਖਤਾਰਨਾਮੇ ਉੱਤੇ ਬਿਲਕੁੱਲ ਉਹ ਹੀ ਨਾਂ ਲਿਖਿਆ ਹੋਣਾ ਚਾਹੀਦਾ ਹੈ ਜਿਹੜਾ ਲੈਂਡ ਟਾਇਟਲ ਆਫਿਸ ਵਿਚ ਤੁਹਾਡੀ ਜ਼ਮੀਨ/ਜਾਇਦਾਦ (ਰੀਅਲ ਇਸਟੇਟ ਪ੍ਰਾਪਰਟੀ) ਦੀ ਮਾਲਕੀ ਦੇ ਸੰਬੰਧ ਵਿਚ ਲਿਖਿਆ ਹੋਇਆ ਹੈ। ਉਦਾਹਰਨ ਲਈ ਜੇ ਜ਼ਮੀਨ/ਜਾਇਦਾਦ ਦੀ ਲਿਖਤ ਉੱਤੇ ਨਾਂ "ਸੁੱਚਾ ਸਿੰਘ ਗਿੱਲ ਲਿਖਿਆ ਹੈ ਤਾਂ ਮੁਖਤਾਰਨਾਮੇ ਵਿਚ ਤੁਸੀਂ ਐਸ.ਐਸ. ਗਿੱਲ ਨਹੀਂ ਲਿਖ ਸਕਦੇ।" ਜੇ ਤੁਹਾਨੂੰ ਲੈਂਡ ਟਾਇਟਲ ਵਿਚ ਦਰਜ ਨਾਂ ਬਾਰੇ ਪਤਾ ਨਹੀਂ ਤਾਂ ਇਸ ਬਾਰੇ ਲੈਂਡ ਟਾਇਟਲ ਆਫਿਸ ਤੋਂ ਪਤਾ ਕਰ ਲਵੋ।
- ਜ਼ਮੀਨ/ਜਾਇਦਾਦ (ਰੀਅਲ ਇਸਟੇਟ) ਬਾਰੇ ਦਿੱਤਾ ਮੁਖਤਾਰਨਾਮਾ ਤੁਹਾਡੇ ਮੁਖਤਾਰ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਜ਼ਮੀਨ/ਜਾਇਦਾਦ ਵੇਚ ਸਕੇ ਜਾਂ ਕਿਸੇ ਹੋਰ ਵਿਅਕਤੀ ਦੇ ਨਾਂ ਜ਼ਮੀਨ ਕਰਵਾ ਸਕੇ। ਪਰ ਉਸ ਨੂੰ ਇਹ ਅਧਿਕਾਰ ਨਹੀਂ ਕਿ ਉਹ ਜ਼ਮੀਨ/ਜਾਇਦਾਦ ਆਪਣੇ ਆਪ ਨੂੰ ਵੇਚ ਸਕੇ ਜਾਂ ਆਪਣੇ ਨਾਂ ਕਰਵਾ ਸਕੇ। ਜੇ ਤੁਸੀਂ ਉਸਨੂੰ ਇਹ ਅਧਿਕਾਰ ਦੇਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਬਾਰੇ ਖਾਸ ਤੌਰ ਉੱਤੇ ਲਿਖਣਾ ਪਵੇਗਾ। ਇਸ ਬਾਰੇ ਆਪਣੇ ਵਕੀਲ ਜਾਂ ਨੋਟਰੀ ਪਬਲਿਕ ਨਾਲ ਗੱਲ ਕਰੋ।
- ਜ਼ਰੂਰੀ ਹੈ ਕਿ ਤੁਸੀਂ ਮੁਖਤਾਰਨਾਮੇ ਉੱਤੇ ਵਕੀਲ ਜਾਂ ਨੋਟਰੀ ਪਬਲਿਕ ਦੇ ਸਾਹਮਣੇ ਦਸਖਤ ਕਰੋ ਅਤੇ ਜ਼ਰੂਰੀ ਹੈ ਕਿ ਵਕੀਲ ਅਤੇ ਨੋਟਰੀ ਪਬਲਿਕ ਵੀ ਮੁਖਤਾਰਨਾਮੇ ਉੱਤੇ ਦਸਖਤ ਕਰੇ।
- ਜ਼ਰੂਰੀ ਹੈ ਕਿ ਤੁਸੀਂ ਆਪਣੇ ਮੁਖਤਾਰਨਾਮੇ ਨੂੰ ਲੈਂਡ ਟਾਈਟਲ ਆਫਿਸ ਵਿਚ ਦਰਜ ਕਰਵਾਉ ਅਤੇ ਉਸ ਦੀ ਰਜਿਸਟਰੇਸ਼ਨ ਫੀਸ ਅਦਾ ਕਰੋ। ਕਿੰਨੀ ਫੀਸ ਦੇਣੀ ਹੈ ਇਸ ਬਾਰੇ ਆਪਣੇ ਸਥਾਨਕ ਲੈਂਡ ਟਾਇਟਲ ਆਫਿਸ ਤੋਂ ਪਤਾ ਕਰ ਲਵੋ। ਤੁਸੀਂ ਇਸ ਨੂੰ ਦਰਜ ਕਰਵਾਉਣ ਬਾਰੇ ਉਡੀਕ ਕਰ ਸਕਦੇ ਹੋ, ਪਰ ਇਹ ਪੱਕਾ ਕਰਨ ਲਈ ਕਿ ਇਹ ਲੈਂਡ ਟਾਇਟਲ ਆਫਿਸ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਜਾਂ ਨਹੀਂ ਇਸ ਬਾਰੇ ਪਤਾ ਕਰਨ ਬਾਰੇ ਉਡੀਕ ਨਾ ਕਰੋ।
- ਜ਼ਮੀਨ/ਜਾਈਦਾਦ (ਰੀਅਲ ਇਸਟੇਟ) ਬਾਰੇ ਬਣਿਆ ਮੁਖਤਾਰਨਾਮਾ ਆਪਣੇ ਆਪ ਤਿੰਨ ਸਾਲਾਂ ਬਾਅਦ ਖਤਮ ਹੋ ਜਾਂਦਾ ਹੈ ਜਾਂ ਫਿਰ ਇਹ "ਕਾਇਮ ਰਹਿਣ ਵਾਲਾ ਮੁਖਤਾਰਨਾਮਾ ਜਾਂ ਇੰਡਿਉਰਿੰਗ ਪਾਵਰ ਆਫ ਅਟਾਰਨੀ" ਹੋਵੇ ਜਾਂ ਤੁਸੀਂ ਇਹ ਲਿਖੋ ਕਿ "ਲੈਂਡ ਟਾਇਟਲ ਐਕਟ ਦਾ ਸੈਕਸ਼ਨ 56 ਲਾਗੂ ਨਹੀਂ ਹੁੰਦਾ।"

# ਮੈਨੂੰ ਹੋਰ ਮਦਦ ਕਿੱਥੋਂ ਮਿਲ ਸਕਦੀ ਹੈ?

(Where can I get more help?)

## ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਦਫਤਰ

Public Guardian and Trustee of BC

ਪਬਲਿਕ ਗਾਰਡੀਅਨ ਐਂਡ ਟਰੱਸਟੀ ਲੋਕਾਂ ਦੇ ਮਾਲੀ ਮਾਮਲਿਆਂ ਵਿਚ ਟਰੱਸਟੀ ਬਣ ਸਕਦੇ ਹਨ ਜੇ ਹੋਰ ਕੋਈ ਉਹਨਾਂ ਦੀ ਮਦਦ ਕਰਨ ਲਈ ਤਿਆਰ ਜਾਂ ਯੋਗ ਨਾ ਹੋਵੇ। ਉਸ ਹਾਲਤ ਵਿਚ ਜਦੋਂ ਮੁਖਤਾਰਨਾਮਾ ਦੇਣ ਵਾਲਾ "ਦਿਮਾਗੀ ਤੌਰ ਉੱਤੇ ਅਯੋਗ" ਹੋ ਜਾਵੇ, ਇਹ ਦਫਤਰ ਮੁਖਤਾਰ ਵਲੋਂ ਮੁਖਤਾਰਨਾਮੇ ਦੀ ਦੁਰਵਰਤੋਂ ਬਾਰੇ ਜਾਂਚ ਕਰ ਸਕਦਾ ਹੈ।

ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਦਫਤਰ
#700 - 808 ਵੈਸਟ ਹੇਸਟਿੰਗ ਸਟਰੀਟ
ਵੈਨਕੂਵਰ, ਬੀ ਸੀ, ਵੀ 6 ਸੀ 3 ਐਲ 3
ਟੈਲੀਫੋਨ: **604-660-4444**

Public Guardian and Trustee of BC
#700 – 808 West Hastings Street
Vancouver, BC V6C 3L3
Phone: **604-660-4444**

## ਲਾਇਅਰ ਰੈਫਰਿਲ ਸਰਵਿਸ (ਵਕੀਲਾਂ ਬਾਰੇ ਦੱਸਣ ਵਾਲੀ ਸੇਵਾ)

(Lawyer Referral Service)

ਇਹ ਸਰਵਿਸ ਵਾਲੇ ਤੁਹਾਨੂੰ ਇਕ ਵਕੀਲ ਦਾ ਨਾਂ ਅਤੇ ਟੈਲੀਫੋਨ ਨੰਬਰ ਦੇਣਗੇ, ਜਿਹੜਾ ਵਕੀਲ ਅੱਧੇ ਘੰਟੇ ਤੱਕ ਦਾ ਸਲਾਹ ਮਸ਼ਵਰਾ $10 ਡਾਲਰ ਵਿਚ ਦੇ ਸਕੇਗਾ।

ਲੋਅਰ ਮੇਨਲੈਂਡ, Lower Mainland,
ਫੋਨ: **604-687-3221** Phone: 604-687-3221
ਮੇਨਲੈਂਡ ਤੋਂ ਬਾਹਰ, Outside the Lower Mainland,
ਮੁਫਤ: **1-800-663-1919** Phone: 1-800-663-1919

## ਸੁਸਾਇਟੀ ਆਫ ਨੌਟਰੀਜ਼ ਪਬਲਿਕ ਆਫ ਬੀ.ਸੀ

The Society of Notaries Public of BC

ਆਪਣੇ ਨੇੜੇ ਦੇ ਨੌਟਰੀ ਪਬਲਿਕ ਦਾ ਨਾਂ ਅਤੇ ਟੈਲੀਫੋਨ ਨੰਬਰ ਲੈਣ ਲਈ ਫੋਨ ਕਰੋ। ਨੌਟਰੀ ਪਬਲਿਕ ਨੂੰ ਪੁੱਛੋ ਕਿ ਪਹਿਲੀ ਮੀਟਿੰਗ ਦੇ ਕਿੰਨੇ ਪੈਸੇ ਲੱਗਣਗੇ।

- ਲੋਅਰ ਮੇਨਲੈਂਡ ਵਿਚ ਸੁਸਾਇਟੀ ਆਫ ਨੌਟਰੀ ਪਬਲਿਕ ਨੂੰ ਫੋਨ ਕਰੋ: **604-681-4516**
  Lower Mainland, phone the Society of Notaries Public of BC: 604-681-4516
- ਲੋਅਰ ਮੇਨਲੈਂਡ ਤੋਂ ਬਾਹਰ, ਮੁਫਤ: **1-800-663-0343**
  Outside the Lower Mainland, phone toll-free: 1-800-663-0343

## ਲਾਅ ਸਟੂਡੈਂਟਸ ਲੀਗਲ ਐਡਵਾਇਸ ਕਲਿਨਿਕ (ਕਾਨੂੰਨ ਦੇ ਵਿਦਿਆਰਥੀਆਂ ਵਲੋਂ ਸਲਾਹ ਮਸ਼ਵਰੇ ਲਈ ਕਲਿਨਿਕ)

Law Students Legal Advice Clinics

ਯੂਨੀਵਰਸਟੀ ਆਫ ਬ੍ਰਿਟਿਸ਼ ਕੋਲੰਬਿਆ ਅਤੇ ਯੂਨੀਵਰਸਟੀ ਆਫ ਵਿਕਟੋਰੀਆ ਵਿਚ ਪੜ੍ਹਦੇ ਕਾਨੂੰਨ ਦੇ ਵਿਦਿਆਰਥੀ ਕਈ ਤਰ੍ਹਾਂ ਦੇ ਕਾਨੂੰਨੀ ਮਾਮਲਿਆਂ ਵਿਚ ਮੁਫਤ ਸਹਾਇਤਾ ਪ੍ਰਦਾਨ ਕਰਦੇ ਹਨ।

- ਲੋਅਰ ਮੇਨਲੈਂਡ ਵਿਚ ਯੂਨੀਵਰਸਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਕਾਨੂੰਨ ਪੜ੍ਹਦੇ ਵਿਦਿਆਰਥੀ ਵੱਖ ਵੱਖ ਥਾਂਵਾਂ ਉੱਤੇ ਮੁਫਤ ਕਾਨੂੰਨੀ ਕਲਿਨਿਕ ਲਗਾਉਂਦੇ ਹਨ। ਫੋਨ: **604-822-5791**
- ਵਿਕਟੋਰੀਆ ਵਿਚ ਲਾਅ ਸੈਂਟਰ ਵਾਲੇ ਉਹਨਾਂ ਲੋਕਾਂ ਲਈ ਮੁਫਤ ਕਾਨੂੰਨੀ ਕਲਿਨਿਕ ਲਾਉਂਦੇ ਹਨ ਜੋ ਆਰਥਿਕ ਕਾਰਨਾਂ ਕਰਕੇ ਇਸ ਮਦਦ ਦੇ ਹੱਕਦਾਰ ਹੋਣ। ਇਹ ਜਾਣਨ ਲਈ ਕਿ ਇਹ ਮਦਦ ਲੈਣ ਲਈ ਅਰਜ਼ੀ ਕਿਸ ਤਰ੍ਹਾਂ ਕਰਨੀ ਹੈ, **250-388-4516** ਉੱਤੇ ਫੋਨ ਕਰੋ।

## ਲੀਗਲ ਸਰਵਿਸਜ਼ ਸੁਸਾਇਟੀ ਦਾ ਕਾੱਲ ਸੈਂਟਰ

The Legal Services Society Call Centre

ਲੀਗਲ ਸਰਵਿਸਜ਼ ਸੁਸਾਇਟੀ ਦੇ ਕਾੱਲ ਸੈਂਟਰ ਦਾ ਸਟਾਫ ਕਾਨੂੰਨ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ ਅਤੇ ਹੋਰ ਜਾਣਕਾਰੀ ਕੇਂਦਰਾਂ ਅਤੇ ਸੰਸਥਾਂਵਾਂ ਦੇ ਬਾਰੇ ਦੱਸ ਸਕਦੇ ਹਨ ਜੋ ਤੁਹਾਡੀ ਕਾਨੂੰਨੀ ਮੁਸ਼ਕਲਾਂ

ਨੂੰ ਹਲ ਕਰਨ ਵਿਚ ਮਦਦ ਕਰੇ। ਇਥੇ ਕਾਨੂੰਨੀ ਸਲਾਹ ਨਹੀਂ ਦਿੱਤੀ ਜਾਂਦੀ।

- ਲੌਅਰ ਮੇਨਲੈਂਡ: **604-408-2172** Lower Mainland: 604-408-2172
- ਲੌਅਰ ਮੇਨਲੈਂਡ ਤੋਂ ਬਾਹਰ: **1-866-577-2525** Outside the Lower Mainland: 1-866-577-2525

## ਕਮਿਉਨਟੀ ਵਸੀਲੇ

Community Resources

ਹੋ ਸਕਦਾ ਹੈ ਬਜ਼ੁਰਗਾਂ ਦੀਆਂ ਸਥਾਨਕ ਜਥੇਬੰਦੀਆਂ, ਜਾਣਕਾਰੀ ਕੇਂਦਰ, ਸਰਕਾਰੀ ਲਾਇਬ੍ਰੇਰੀਆਂ,ਰੌਇਲ ਕੈਨੈਡੀਅਨ ਲਿਜ਼ਨ, ਮਦਦ ਲਈ ਬਣੇ ਗਰੁੱਪ ਅਤੇ ਕਮਿਉਨਟੀ ਦੀਆਂ ਹੋਰ ਸੰਸਥਾਵਾਂ ਕੋਲ ਜਾਣਕਾਰੀ ਅਤੇ ਮਦਦ ਕਰਨ ਵਾਲੇ ਵਿਅਕਤੀ ਹੋਣ।

### ਅਲਜ਼ਾਇਮਰ ਸੁਸਾਇਟੀ ਆਫ ਬੀ ਸੀ

The Alzheimer Society of BC

ਅਲਜ਼ਾਇਮਰ ਸੁਸਾਇਟੀ ਲੋਕਾਂ, ਸੰਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਨੂੰ ਭਵਿੱਖ ਬਾਰੇ ਤਿਆਰ ਕਰਨ ਲਈ ਸਮਗਰੀ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।

ਪਤਾ:
#300-828 ਵੈਸਟ 8th ਐਵਿਨੀਊ
ਵੈਨਕੂਵਰ, ਬੀ ਸੀ ਵੀ੬ਬੀ ੧ਐਸ੪
ਫੋਨ: **604-681-6530**
ਮੁਫਤ ਟੈਲੀਫੋਨ (ਸੁਨੇਹਾ ਛੱਡਣ ਲਈ): **1-800-667-3742**
ਫੈਕਸ ਰਾਹੀਂ ਸੁਨੇਹਾ ਪਹੁੰਚਾਉਣ ਲਈ: 604-669-6907

The Alzheimer Society of BC
#300 - 828 West 8th Avenue
Vancouver, BC V5Z 1E2
Phone: 604-681-6530
Toll free messages: 1-800-667-3742
Fax messages: 604-669-6907

## Acknowledgements

Thanks to lawyer Hugh McLellan for reviewing the original English booklet information.

Written by: Gayla Reid
Translated by: Sukhwant Hundal
Transcription by: Saroj Ludhera

### Thanks to our funders....

The People's Law School is generously supported by the:

- Law Foundation of BC
- Notary Foundation
- Department of Justice Canada
- Ministry of Attorney General of BC
- Province of British Columbia
- City of Vancouver
- Canadian Heritage
- Royal Canadian Mounted Police
- Solicitor General of Canada
- National Crime Prevention Centre

## The People's Law School

ਪੀਪਲਜ਼ ਲਾਅ ਸਕੂਲ ਇਕ ਗੈਰ-ਮੁਨਾਫੇਦਾਰ ਸੰਸਥਾ ਹੈ ਜਿਸਦਾ ਮਕਸਦ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਨੂੰ ਕਾਨੂੰਨ ਅਧੀਨ ਉਹਨਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਭਰੋਸੇਯੋਗ ਜਾਣਕਾਰੀ ਦੇਣਾ ਹੈ।

the people's law school

Suite 150
900 Howe Street
Vancouver, B.C.
V6Z 2M4
TEL 604.331.5400
FAX 604.331.5401

The People's Law School is a non-profit society whose purpose is to provide British Columbians with reliable information about their rights and responsibilities under the law.

You can read this booklet in large print at our website at:

www.publiclegaled.bc.ca/wills/punjabi.htm

Revised March 2004. This booklet is also available in English, Spanish and Chinese.

ਇਥੇ ਸਿਰਫ ਆਮ ਜਾਣਕਾਰੀ ਦਿੱਤੀ ਗਈ ਹੈ। ਕਾਨੂੰਨੀ ਸਲਾਹ-ਮਸ਼ਵਰੇ ਲਈ ਇਸ ਜਾਣਕਾਰੀ ਉੱਤੇ ਨਿਰਭਰ ਨਾ ਕਰੋ। ਜੇ ਤੁਹਾਡੀ ਕੋਈ ਖਾਸ ਕਾਨੂੰਨੀ ਮੁਸ਼ਕਿਲ ਹੈ ਤਾਂ ਕਾਨੂੰਨੀ ਸਹਾਇਤਾ ਲਵੋ।

www.publiclegaled.bc.ca